# ਸਾਲਾਨਾ ਰਿਪੋਰਟ
# ਸਰਕਾਰੀ ਕਾਲਜ ਲੜਕੀਆਂ, ਪਟਿਆਲਾ
# 2019-20

**ਕੋਵਿਡ ਮਹਾਂਮਾਰੀ ਕਾਰਨ ਸੈਸ਼ਨ 2019-20 ਦੌਰਾਨ ਸਾਲਾਨਾ ਇਨਾਮ ਵੰਡ ਸਮਾਰੋਹ ਨਹੀਂ ਕਰਾਇਆ ਗਿਆ।**

## ਕਾਲਜ ਦਾ ਪਿਛੋਕੜ

ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਉੱਤਰੀ ਭਾਰਤ ਦੀ ਇੱਕ ਨਾਮਵਾਰ ਸੰਸਥਾ ਹੈ।ਮੈਨੂੰ ਇਹ ਦੱਸਦਿਆਂ ਬੜੀ ਖੁਸ਼ੀ ਤੇ ਮਾਣ ਮਹਿਸੂਸ ਹੋ ਰਿਹਾ ਹੈ ਕਿ 2016 ਵਿੱਚ ਰਾਸ਼ਟਰੀ ਸੰਸਥਾ ***NAAC ਵੱਲੋਂ 'ਏ' ਗਰੇਡ*** ਹਾਸਿਲ ਕਰਨ ਵਾਲੀ ਇਹ ਸੰਸਥਾ , 2017 ਵਿੱਚ ਆਪਣੇ 75 ਵਰ੍ਹਿਆਂ ਦਾ ਸ਼ਾਨਦਾਰ ਸਫ਼ਰ ਕਾਮਯਾਬੀ ਦੀ ਬੁਲੰਦੀਆਂ ਨੂੰ ਛੂੰਹਦੇ ਹੋਏ ਮੁਕੰਮਲ ਕਰ ਚੁੱਕੀ ਹੈ। 20 ਜੂਨ , 1942 ਨੂੰ ਇਸ ਦੀਆਂ ਕਲਾਸਾਂ ਵਿਕਟੋਰੀਆ ਗਰਲਜ਼ ਸਕੂਲ , ਪਟਿਆਲਾ ਵਿਖੇ ਸ਼ੁਰੂ ਹੋਈਆਂ। ਉਸ ਸਮੇਂ ਇਸ ਦਾ ਨਾਂ ਵਿਕਟੋਰੀਆ ਗਰਲਜ਼ ਕਾਲਜ ਰੱਖਿਆ ਗਿਆ।ਪੈਪਸੂ ਸਰਕਾਰ ਨੇ 1950 ਵਿੱਚ ਇਸ ਨੂੰ ਡਿਗਰੀ ਕਾਲਜ ਵਿੱਚ ਤਬਦੀਲ ਕੀਤਾ । ਇਹ ਪੈਪਸੂ ਸਰਕਾਰ ਦਾ ਪਹਿਲਾ ਲੜਕੀਆਂ ਦਾ ਡਿਗਰੀ ਕਾਲਜ ਸੀ।ਇਸ ਉਪਰੰਤ ਇਸ ਦਾ ਨਾਂ ਬਦਲ ਕੇ 'ਗੌਰਮਿੰਟ ਕਾਲਜ ਫਾਰ ਵਿਮੈਨ' ਰੱਖਿਆ ਗਿਆ।

ਕਾਲਜ ਦੀ ਵਰਤਮਾਨ ਇਮਾਰਤ ਦਾ ਰਸਮੀ ਤੌਰ ਤੇ ਉਸ ਵਕਤ ਦੇ ਉਪ ਰਾਸ਼ਟਰਪਤੀ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਨੇ 23 ਜਨਵਰੀ 1954 ਵਿੱਚ ਰੱਖ ਕੇ ਇਸ ਦਾ ਮਾਣ ਵਧਾਇਆ।ਮਹਾਰਾਣੀ ਮਹਿੰਦਰ ਪਾਲ ਕੌਰ ਜੀ ਨੇ 17 ਮਾਰਚ 1954 ਨੂੰ ਆਪਣੇ ਕਰ ਕਮਲਾਂ ਨਾਲ ਇਸ ਦਾ ਉਦਘਾਟਨ ਕਰਕੇ ਇਸ ਸੰਸਥਾ ਨੂੰ ਗੌਰਵ ਪ੍ਰਦਾਨ ਕੀਤਾ। ਕਾਲਜ ਵਿਖੇ 1992 ਵਿਖੇ ਹੋਏ ਗੋਲਡਨ ਜੁਬਲੀ ਸਮਾਰੋਹ ਦੌਰਾਨ ਸਵਰਗਵਾਸੀ ਸ. ਬੇਅੰਤ ਸਿੰਘ ਤਦ ਮੁੱਖ ਮੱਤਰੀ ਪੰਜਾਬ ਨੇ ਇਸ ਕਾਲਜ ਦਾ ਨਾਂ ਸਰਕਾਰੀ ਕਾਲਜ ਫਾਰ ਵਿਮੈਨ ਤੋਂ ਬਦਲ ਕੇ ਸਰਕਾਰੀ ਕਾਲਜ ਲੜਕੀਆਂ, ਪਟਿਆਲਾ(ਮੌਜੂਦਾ ਨਾਮ) ਰੱਖਿਆ।ਇਸ ਸਮੇਂ ਤੋਂ ਲੈਕੇ ਹੁਣ ਇਹ ਕਾਲਜ ਮਾਲਵਾ ਖੇਤਰ ਦੀਆਂ ਲੜਕੀਆਂ ਨੂੰ ਵਧੀਆ ਅਤੇ ਮਿਆਰੀ ਢੰਗ ਨਾਲ ਸਿੱਖਿਆ ਦਿੰਦਾ ਆ ਰਿਹਾ ਹੈ।ਆਪਣੀਆਂ ਸ਼ਾਨਦਾਰ ਅਤੇ ਵਿਲੱਖਣ ਪ੍ਰਾਪਤੀਆਂ ਕਾਰਨ ਇਸ ਕਾਲਜ ਨੇ ਵਿਦਿਅਕ ਖੇਤਰ ਵਿੱਚ ਆਪਣੀ ਨਿਵੇਕਲੀ ਪਛਾਣ ਬਣਾਈ ਹੈ।

ਕਾਲਜ ਦੇ ਮੋਟੋ ਸੱਤਿਅਮ, ਸ਼ਿਵਮ , ਸੁੰਦਰਮ ( ਸੱਚਾ-ਸੁੱਚਾ , ਕਲਿਆਣਮਈ, ਸੋਹਣਾ) ਨੂੰ ਸਾਕਾਰ ਕਰਦਿਆਂ ਹੋਇਆਂ ਇਹ ਸੰਸਥਾ ਵਿਦਿਆਰਥਣਾਂ ਦੀ ਸਰਵਪੱਖੀ ਸ਼ਖਸ਼ੀਅਤ ਉਸਾਰੀ ਕਰਨ ਹਿੱਤ ਸਾਹਿਤਕ, ਸਭਿਆਚਾਰਕ , ਅਕਾਦਮਿਕ, ਐਨ.ਸੀ.ਸੀ. , ਐਨ.ਐਸ.ਐਸ. , ਰੈੱਡ ਕਰਾਸ ਅਤੇ ਖੇਡਾਂ ਜਿਹੀਆਂ ਗਤੀਵਿਧੀਆਂ ਪ੍ਰਫੁਲਿਤ ਕਰਦਾ ਆ ਰਿਹਾ ਹੈ।

**ਹੁਣ ਮੈਂ ਆਪ ਜੀ ਦੇ ਸਾਹਮਣੇ ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਦੀ ਸਾਲ 2018-19 ਦੀ ਸਾਲਾਨਾ ਰਿਪੋਰਟ ਪੇਸ਼ ਕਰਨ ਦੀ ਖੁਸ਼ੀ ਲੈ ਰਹੀ ਹਾਂ।**

## ਦਾਖਲੇ

ਇਸ ਸਾਲ ਵੱਖ-ਵੱਖ ਸ਼੍ਰੇਣੀਆਂ ਵਿੱਚ ਲਗਭਗ 2243 ਵਿਦਿਆਰਥਣਾਂ ਨੇ ਦਾਖਲਾ ਲਿਆ।ਕਾਲਜ ਵਿੱਚ ਅੰਡਰ ਗ੍ਰੈਜੁਏਟ ਕੋਰਸਜ਼ ਵਿੱਚ **ਬੀ.ਏ.** (ਆਰਟਸ), **ਬੀ.ਐਸ.ਸੀ.** (ਹੋਮ ਸਾਇੰਸ), **ਬੀ.ਐਸ.ਸੀ.** (ਬਾਇਓਟੈਕਨਾਲੋਜੀ) ਅਤੇ **ਬੀ.ਐਸ.ਸੀ.** (ਮੈਡੀਕਲ ਅਤੇ ਨਾਨ ਮੈਡੀਕਲ ਕੰਪਿਊਟਰ ਐਪਲੀਕੇਸ਼ਨਜ਼) ਪੜ੍ਹਾਏ ਜਾਂਦੇ ਹਨ। ਪੋਸਟ ਗ੍ਰੈਜੁਏਟ ਕੋਰਸਜ਼ ਵਿੱਚ **ਐਮ.ਏ. ( ਡਾਂਸ, ਕੋਮਲ ਕਲਾ ਅਤੇ ਸੰਗੀਤ ਗਾਇਨ)** ਅਤੇ **ਐਮ.ਐਸ.ਸੀ. (ਫੂਡ ਐਂਡ ਨਿਊਟ੍ਰੀਸ਼ਨ**) ਪੜ੍ਹਾਏ ਜਾਂਦੇ ਹਨ।ਬੀ.ਏ. ਆਰਟਸ ਵਿੱਚ ਵੋਕੇਸ਼ਨਲ ਵਿਸ਼ਾ ਫੰਕਸ਼ਨਲ ਇੰਗਲਿਸ਼ ਪੜਾਇਆ ਜਾਂਦਾ ਹੈ।ਅੰਗ੍ਰੇਜ਼ੀ, ਹਿੰਦੀ, ਮਨੋਵਿਗਿਆਨ , ਰਾਜਨੀਤੀ ਸ਼ਾਸਤਰ, ਫਿਲਾਸਫੀ ਅਤੇ ਇਕਨਾਮਿਕਸ ਵਿਸ਼ਿਆਂ ਵਿੱਚ ਆਨਰਜ਼ ਦਾ ਵੀ ਪ੍ਰਬੰਧ ਹੈ। **HEIS ਅਧੀਨ ਕਾਲਜ ਵਿੱਚ ਬੀ.ਸੀ.ਏ. ਅਤੇ ਪੀ.ਜੀ.ਡੀ.ਸੀ.ਏ. ਵੀ ਸ਼ੁਰੂ ਕੀਤੀ ਗਈ ਹੈ ।**

## ਸਟਾਫ

ਮੌਜੂਦਾ ਸੈਸ਼ਨ ਵਿੱਚ ਕਾਲਜ ਵਿੱਚ 35 ਰੈਗੂਲਰ ਲੈਕਚਰਾਰ 01 ਕੰਟਰੈਕਚੂਅਲ ਅਤੇ 10 ਪਾਰਟ-ਟਾਈਮ ਲੈਕਚਰਾਰ ਹਨ।ਇਸ ਤੋਂ ਇਲਾਵਾ 22 ਲੈਕਚਰਾਰ ਗੈਸਟ ਫੈਕਲਟੀ ਵਜੋਂ ਅਤੇ 10 ਕਾਂਟ੍ਰੈਕਟ ਬੇਸਿਸ (ਸੈਲਫ਼ ਫਾਇਨਾਂਸ ਕੋਰਸ) ਤੇ ਪੜ੍ਹਾ ਰਹੇ ਹਨ।ਕਾਲਜ ਵਿੱਚ ਇੱਕ ਲਾਇਬ੍ਰੇਰੀਅਨ ਹਨ।

ਇਸ ਸੈਸ਼ਨ ਦੌਰਾਨ ਮਿਤੀ 31.08.2018 ਨੂੰ ਡਾ. ਜਤਿੰਦਰ ਕੁਮਾਰ ਜੈਨ (ਪ੍ਰੋ. ਫਿਲਾਸਫੀ ) ਕਾਲਜ ਤੋਂ ਬਦਲ ਕੇ ਸਰਕਾਰੀ ਮਹਿੰਦਰਾ ਕਲਜ ਪਟਿਆਲਾ ਵਿਖੇ ਗਏ ਅਤੇ ਪ੍ਰੋ. ਸੀਮਾ ਮਨਚੰਦਾ (ਐਸੋ. ਪ੍ਰੋ. ਮੈਥਸ) , ਪ੍ਰੋ. ਆਰਤੀ ਬਖਸ਼ੀ (ਅਸਿ. ਪ੍ਰੋ. ਅੰਗ੍ਰੇਜ਼ੀ) ਅਤੇ ਪ੍ਰੋ. ਜਗਦੀਸ਼ ਕੌਰ (ਪਾਰਟ ਟਾਈਮ ਲੈਕਚਰਾਰ ਅੰਗ੍ਰੇਜ਼ੀ) ਬਦਲ ਕੇ ਕਾਲਜ ਵਿਖੇ ਹਾਜਰ ਹੋਏ। ਸੈਸ਼ਨ 2018-19 ਦੌਰਾਨ ਪ੍ਰੋ. ਵੰਦਨਾ ਸਲੂਜਾ ਐਸੋ. ਪ੍ਰੋ. ਮੈਥਸ( 31.07.2018) ,ਡਾ. ਬਾਬਿੰਦਰ ਕੌਰ ਪ੍ਰੋ. ਪੋਲ. ਸਾਂਇੰਸ(30.06.2018) , ਕੰਵਲਜੀਤ ਕੌਰ ਐਸੋ. ਪ੍ਰੋ. ਪੰਜਾਬੀ (31.7.2018) ਅਤੇ ਪ੍ਰੋ. ਬਰਿੰਦਰ ਕੌਰ ਐਸੋ. ਪ੍ਰੋ ਫੂਡ ਐਂਡ ਨਿਊਟ੍ਰੀਸ਼ਨ( 31.1.2019) ਸੇਵਾ ਮੁਕਤ ਹੋਏ।

## ਪ੍ਰਬੰਧਕੀ ਅਮਲਾ

ਕਾਲਜ ਦੇ ਦਫ਼ਤਰ ਦੇ ਪ੍ਰਬੰਧਕੀ ਅਮਲੇ ਵਿੱਚ ਇੱਕ ਸੁਪਰਡੈਂਟ ਤੋਂ ਇਲਾਵਾ 17 ਦਰਜਾ ਤਿੰਨ ਅਤੇ 12 ਦਰਜਾ ਚਾਰ ਕਰਮਚਾਰੀ ਹਨ।ਇਸ ਸੈਸ਼ਨ ਦੌਰਾਨ ਸ਼੍ਰੀਮਤੀ ਅਵਨਿੰਦਰ ਕੌਰ (ਜੂਨੀ.ਸਹਾਇਕ) ਮਿਤੀ 17.07.2018 ਨੂੰ ਅਤੇ ਸ. ਜੋਗਿੰਦਰ ਸਿੰਘ ਸੀਨੀਅਰ ਐਲ.ਏ. ਮਿਤੀ 25.07.2018 ਨੂੰ **ਟਰਾਂਸਫਰ** ਹੋ ਕੇ ਗਏ ਅਤੇ ਸ਼੍ਰੀ ਸੁਰਿੰਦਰਪਾਲ ਸਿੰਘ (ਸੁਪਰਡੰਟ ) ਇਸ ਕਾਲਜ ਵਿਖੇ **ਟਰਾਂਸਫਰ** ਹੋ ਕੇ ਆਏ।

## *ਅਕਾਦਮਿਕ ਪ੍ਰਾਪਤੀਆਂ*

- **ਐਮ.ਏ. ਭਾਗ ਦੂਜਾ (ਸੰਗੀਤ ਗਾਇਨ)** ਦੀ ਹਿਮਾਂਸ਼ੂ ਦਾਨੀਆ ਨੇ ਯੂਨੀਵਰਸਿਟੀ ਤੇ ਕਾਲਜ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ।**ਐਮ.ਏ. ਭਾਗ ਦੂਜਾ** ਦੀ ਹੀ ਕੰਚਨ ਨੇ ਕਾਲਜ ਵਿੱਚ ਦੂਜਾ ਸਥਾਨ ਹਾਸਿਲ ਕੀਤਾ ਅਤੇ ਐਮ.ਏ. ਸੰਗੀਤ ਗਾਇਨ ਭਾਗ ਪਹਿਲਾ ਦੀ ਨਿਧੀ ਰਾਣੀ , ਤੇਜਵੀਰ ਕੌਰ ਤੇ ਅਰਚਨਾ ਪਹਿਲੇ ਸਥਾਨ ਤੇ ਰਹੇ ਅਤੇ ਬਬਲੀ ਸੇਖੋਂ ਨੇ ਦੂਜਾ ਸਥਾਨ ਹਾਸਿਲ ਕੀਤਾ।
- **ਐਮ.ਏ. (ਡਾਂਸ) ਭਾਗ ਦੂਜਾ** ਦੀ ਸ਼ਾਲੂ ਨੇ ਕਾਲਜ ਵਿੱਚ ਪਹਿਲਾ ਤੇ ਹਰਨੀਤ ਨੇ ਦੂਜਾ ਸਥਾਨ ਹਾਸਿਲ ਕੀਤਾ । **ਐਮ.ਏ . ਭਾਗ ਪਹਿਲਾ** ਦੀ ਰਜਨੀ ਬਾਲਾ ਤੇ ਸਾਨੀਆ ਨੇ ਕ੍ਰਮਵਾਰ ਪਹਿਲਾ ਤੇ ਦੂਜਾ ਸਥਾਨ ਹਾਸਿਲ ਕੀਤਾ।
- **ਐਮ.ਏ. ਫਾਈਨ ਆਰਟਸ ਭਾਗ ਦੂਜਾ** ਦੀਆਂ ਗਗਨਦੀਪ ਕੌਰ ਤੇ ਬੰਦੂ ਬੈਂਸ ਪਹਿਲੇ ਤੇ ਦੂਜੇ ਸਥਾਨ ਤੇ ਰਹੀਆਂ ਅਤੇ **ਭਾਗ ਪਹਿਲਾ** ਦੀ ਗੁਰਮੀਤ ਕੌਰ ਨੇ ਕਾਲਜ ਵਿੱਚ ਪਹਿਲਾ ,ਅਮਨਦੀਪ ਕੌਰ ਅਤੇ ਸਲਮਾ ਕੰਬੋਜ ਨੇ ਦੂਜਾ ਸਥਾਨ ਹਾਸਿਲ ਕੀਤਾ।
- **ਬੀ.ਏ. ਭਾਗ ਤੀਜਾ** ਦੀਆਂ ਗੁਰਲੀਨ ਕੌਰ ਤੇ ਨਰਿੰਦਰ ਕੌਰ ਨੇ ਕਾਲਜ ਵਿੱਚ ਪਹਿਲੇ ਤੇ ਦੂਜੇ ਸਥਾਨ ਤੇ ਰਹੀਆਂ ।**ਬੀ.ਏ. ਭਾਗ ਦੂਜਾ** ਦੀ ਵਿਭੂਤੀ ਸਿਆਲ ਨੇ ਕਾਲਜ ਵਿੱਚ ਪਹਿਲਾ ਤੇ ਗੁਰਦੀਪ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ।ਇਸੇ ਤਰ੍ਹਾਂ **ਭਾਗ ਪਹਿਲਾ** ਦੀਆਂ ਵਿਦਿਆਰਥਣਾਂ ਪ੍ਰਭਜੋਤ ਕੌਰ ਨੇ ਕਾਲਜ ਵਿੱਚ ਪਹਿਲਾ ਤੇ ਜਸ਼ਨਦੀਪ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ।
- **ਐਮ.ਐਸ.ਸੀ ਫੂਡ ਐਂਡ ਨਿਊਟ੍ਰੀਸ਼ਨ ਭਾਗ ਦੂਜਾ** ਦੀ ਵਿਦਿਆਰਥਣ ਭਾਨੂ ਚੋਪੜਾ ਕਾਲਜ ਵਿੱਚ ਪਹਿਲੇ ਅਤੇ ਮੇਘਨਾ ਦੂਸਰੇ ਸਥਾਨ ਤੇ ਰਹੀਆਂ।ਇਸ ਵਿਭਾਗ ਦੇ **ਭਾਗ ਪਹਿਲਾ** ਦੀਆਂ ਵਿਦਿਆਰਥਣਾਂ ਸੰਜਨਾ ਸੋਢੀ ਅਤੇ ਸਮਰੀਤ ਕੌਰ ਕ੍ਰਮਵਾਰ ਪਹਿਲੇ ਤੇ ਦੂਜੇ ਸਥਾਨ ਤੇ ਰਹੀਆਂ।
- **ਬੀ.ਐਸ.ਸੀ. ਹੋਮ ਸਾਇੰਸ ਭਾਗ ਤੀਜਾ** ਦੀ ਵਿਦਿਆਰਥਣ ਜਸਪ੍ਰੀਤ ਕੌਰ ਨੇ ਪਹਿਲਾ ਅਤੇ ਗੁਰਪ੍ਰੀਤ ਕੌਰ ਨੇ ਕਾਲਜ ਦੂਜਾ ਸਥਾਨ ਪ੍ਰਾਪਤ ਕੀਤਾ।**ਭਾਗ ਦੂਜਾ** ਦੀ ਵਿਦਿਆਰਥਣ ਕਵਲਪ੍ਰੀਤ ਕੌਰ ਨੇ ਕਾਲਜ ਵਿੱਚ ਪਹਿਲਾ ਅਤੇ ਸਿਮਰਨਜੀਤ ਕੌਰ ਨੇ ਕਾਲਜ ਵਿੱਚ ਦੂਜਾ ਸਥਾਨ ਹਾਸਿਲ ਕੀਤਾ।**ਬੀ.ਐਸ.ਸੀ. ਭਾਗ ਪਹਿਲਾ** ਦੀ ਸਪਨਾ ਦੇਵੀ ਨੇ ਕਾਲਜ ਵਿੱਚ ਪਹਿਲਾ ਅਤੇ ਦੀਪਿਕਾ ਸ਼ਰਮਾ ਨੇ ਕਾਲਜ ਵਿੱਚ ਦੂਜਾ ਸਥਾਨ ਹਾਸਿਲ ਕੀਤਾ।
- **ਬੀ.ਐਸ.ਸੀ. ਬਾਇਓਟੈਕ ਭਾਗ ਤੀਜਾ** ਦੀ ਵਿਦਿਆਰਥਣ ਕੁਲਵਿੰਦਰ ਕੌਰ ਨੇ ਕਾਲਜ ਵਿੱਚ ਪਹਿਲਾ ਤੇ ਲਵਪ੍ਰੀਤ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ।**ਭਾਗ ਦੂਜਾ** ਦੀ ਪੂਜਾ ਪ੍ਰਸ਼ਾਦ ਨੇ ਪਹਿਲਾ ਅਤੇ ਅਨੂਪਿੰਦਰ

ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ।**ਭਾਗ ਪਹਿਲਾ** ਦੀਆਂ ਵਿਦਿਆਰਥਣਾਂ ਅਮਨਦੀਪ ਕੌਰ ਤੇ ਪੂਜਾ ਕਾਲਜ ਵਿੱਚ ਪਹਿਲੇ ਤੇ ਦੂਜੇ ਸਥਾਨ ਤੇ ਰਹੀਆਂ।

- **ਬੀ.ਐਸ.ਸੀ. (ਨਾਨ-ਮੈਡੀਕਲ) ਭਾਗ ਤੀਜਾ** ਦੀ ਵਿਦਿਆਰਥਣ ਪਵਨਦੀਪ ਕੌਰ ਨੇ ਕਾਲਜ ਵਿੱਚ ਪਹਿਲਾ ਤੇ ਮੀਨਾਕਸ਼ੀ ਬਾਂਸਲ ਨੇ ਦੂਜਾ ਸਥਾਨ ਹਾਸਿਲ ਕੀਤਾ।**ਭਾਗ ਦੂਜਾ** ਵਿੱਚੋਂ ਪ੍ਰਿਅੰਕਾ ਰਾਣੀ ਤੇ ਕਿਰਨਦੀਪ ਕੌਰ ਕਾਲਜ ਵਿੱਚ ਪਹਿਲੇ ਤੇ ਦੂਜੇ ਸਥਾਨ ਤੇ ਰਹੀਆਂ।**ਭਾਗ ਪਹਿਲਾ** ਦੀ ਵਿਦਿਆਰਥਣ ਰਮਨਦੀਪ ਕੌਰ ਨੇ ਨੇ ਪਹਿਲਾ ਅਤੇ ਗਗਨਦੀਪ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ।
- **ਬੀ.ਐਸ.ਸੀ (ਮੈਡੀਕਲ ) ਭਾਗ ਤੀਜਾ** ਦੀ ਵਿਦਿਆਰਥਣ ਬਲਜੀਤ ਕੌਰ ਨੇ ਪਹਿਲਾ ਤੇ ਨਮਰੀਤਾ ਸੋਢੀ ਨੇ ਕਾਲਜ ਵਿੱਚ ਦੂਜਾ ਸਥਾਨ ਹਾਸਿਲ ਕੀਤਾ। **ਭਾਗ ਦੂਜਾ** ਦੀਆਂ ਵਿਦਿਆਰਥਣਾਂ ਜਸਪ੍ਰੀਤ ਕੌਰ ਤੇ ਵੀਰਪਾਲ ਕੌਰ ਕਾਲਜ ਵਿੱਚ ਪਹਿਲੇ ਅਤੇ ਦੂਜੇ ਸਥਾਨ ਤੇ ਰਹੀਆਂ। **ਭਾਗ ਪਹਿਲਾ** ਦੀ ਨੀਵੀਆ ਨੇ ਕਾਲਰ ਵਿੱਚ ਪਹਿਲੀ ਤੇ ਮਨਪ੍ਰੀਤ ਕੌਰ ਨੇ ਦੂਜੀ ਪੁਜ਼ੀਸ਼ਨ ਹਾਸਿਲ ਕੀਤੀ।
- **ਬੀ.ਸੀ.ਏ. ਭਾਗ ਤੀਜਾ** ਦੀ ਜਸਵੀਰ ਕੌਰ ਤੇ ਮਹਿਕਪ੍ਰੀਤ ਨੇ ਦੂਜਾ ਸਥਾਨ ਹਾਸਿਲ ਕੀਤਾ । **ਭਾਗ ਦੂਜਾ** ਦੀ ਕਾਜਲਦੀਪ ਕਾਲਜ ਵਿੱਚ ਪਹਿਲੇ ਤੇ ਸਿਮਰਨਜੀਤ ਕੌਰ ਦੂਜੇ ਸਥਾਨ ਤੇ ਰਹੀਆਂ। **ਭਾਗ ਪਹਿਲਾ** ਦੀ ਬੇਬੀ ਦੇਵੀ ਤੇ ਰੀਆ ਚਾਵਲਾ ਨੇ ਕਾਲਜ ਵਿੱਚ ਕ੍ਰਮਵਾਰ ਪਹਿਲਾ ਤੇ ਦੂਜਾ ਸਥਾਨ ਹਾਸਿਲ ਕੀਤਾ।

## *ਸਭਿਆਚਾਰਕ ਗਤੀਵਿਧੀਆਂ*

ਮਿਤੀ 11, 12 ਅਤੇ 13 ਅਕਤੂਬਰ 2019 ਨੂੰ ਜ਼ੋਨਲ ਯੂਥ ਫੈਸਟੀਵਲ ਓਿੱਚ ਅਤੇ ਫੋਕ ਫੈਸਟੀਵਲ ਖਾਲਸਾ ਕਾਲਜ , ਪਟਿਆਲਾ ਵਿਖੇ ਹੋਇਆ ਜਿਸ ਵਿੱਚ ਕਾਲਜ ਦੀਆਂ ਵਿਦਿਆਰਥਣਾਂ ਨੇ **23 ਆਈਟਮਾਂ ਕਾਰਟੂਨਿੰਗ, ਕਲੇਅ ਮਾਡਲਿੰਗ, ਕੋਲਾਜ ਮੇਕਿੰਗ**, ਮੌਕੇ ਤੇ ਚਿੱਤਰਕਾਰੀ, ਪੋਸਟਰ ਮੇਕਿੰਗ, ਰੰਗੋਲੀ, ਰੱਸੀ ਟੱਪਣਾ,ਗੀਵੇ, ਸਟਾਪੂ, ਗਿੱਧਾ, ਜਨਰਲ ਕੁਇਜ਼ , ਸਭਿਆਚਾਰਗਕ ਕੁਇਜ਼ , ਰਵਾਇਤੀ ਲੋਕ ਗੀਤ, ਪਹਿਰਾਵਾ ਪ੍ਰਦਰਸ਼ਨੀ, ਕਾਵਿ ਉਚਾਰਣ, ਡਿਬੇਟ, ਕਰੋਸ਼ੀਏ ਦੀ ਬੁਣਤੀ, ਐਲੋਕਿਊਸ਼ਨ, ਗਰੁੱਪ ਸ਼ਬਦ, ਕਵੀਸ਼ਰੀ, ਗੀਤ-ਗਜ਼ਲ ਅਤੇ ਨਾਨ ਪ੍ਰਕਸ਼ਨ ਵਿੱਚ ਭਾਗ ਲਿਆ ।

ਇਹਨਾਂ ਓਿੱਚੋਂ ਕੋਲਾਜ ਨੇ ਪਹਿਲਾ ਸਥਾਨ , ਕਲੇਅ ਮਾਡਲਿੰਗ ਨੇ ਦੂਜਾ ਸਥਾਨ ਅਤੇ ਇਸਟਰੂਮੈਂਟ (ਨਾਨ -ਪਰਕਸ਼ਨ) ਨੇ ਦੂਜਾ ਸਥਾਨ ਹਾਸਿਲ ਕੀਤਾ।ਇਹਨਾਂ ਵਿੱਚੋਂ ਤਿੰਨ ਆਈਟਮਾਂ ਨੇ ਅੱਗੇ ਇੰਟਰ-ਜ਼ੋਨਲ ਯੂਥ ਅਤੇ ਫੋਕ ਫੈਸਟੀਵਲ ਵਿੱਓ ਵੀ ਭਾਗ ਲਿਆ।

## *ਸਹਿਵਿਦਿਅਕ ਗਤੀਵਿਧੀਆਂ*

- 12 ਜਨਵਰੀ 2019 ਨੂੰ 'ਲੋਹੜੀ ਧੀਆਂ ਦੀ ' ਸੱਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।
- 17 ਜਨਵਰੀ 2019 ਨੂੰ ਤੰਦਰੁਸਤ ਪੰਜਾਬ ਮਿਸ਼ਨ' ਅਧੀਨ ਇੱਕ ਜਾਗਰੂਕਤਾ ਪ੍ਰੋਗਰਾਮ ਕਰਾਇਆ ਗਿਆ, ਜਿਸ ਵਿੱਚ ਡਾ. ਮਨਜੀਤ ਸਿੰਘ ਸਿਵਲ ਸਰਜਨ, ਪਟਿਆਲਾ ਮੁੱਖ ਮਹਿਮਾਨ ਵਜੋਂ ਪਹੁੰਚੇ।
- 25 ਜਨਵਰੀ 2019 ਨੂੰ ਰਾਸ਼ਟਰੀ ਵੋਟਰ ਦਿਵਸ ਮਨਾਇਆ।
- 30 ਜਨਵਰੀ 2019 ਨੂੰ ਨਸ਼ਿਆਂ ਖਿਲਾਫ ਜਾਗਰੂਕ ਕਰਨ ਲਈ ਡਾ. ਮਮਤਾ ਸ਼ਰਮਾ ਦਾ ਲੈਕਚਰ ਕਰਾਇਆ।
- 13 ਫਰਵਰੀ 2019 ਨੂੰ ਐਨ.ਐਸ.ਐਸ. ਵਲੰਟੀਅਰਾਂ ਨੇ ਸਮੇਤ ਪ੍ਰੋਗਰਾਮ ਅਫਸਰ , ਰੋਜ਼ ਗਾਰਡਨ ਨੇੜੇ ਬੱਸ ਸਟੈਂਡ ਵਿਖੇ ਰੈਣ ਬਸੇਰੇ ਦਾ ਦੌਰਾ ਕੀਤਾ ਜਿਸ ਦਾ ਮਕਸਦ ਵਲੰਟੀਅਰਾਂ ਨੂੰ ਰੈਣ ਬਸਾਰਿਆਂ ਬਾਰੇ, ਪ੍ਰੰਬੰਧ ਬਾਰੇ ਜਾਣੂ ਕਰਵਾਉਣਾ ਸੀ ਤਾਂ ਜ਼ੋ ਉਹ ਅੱਗੇ ਲੋਕਾਂ ਨੂੰ ਜਾਗਰੂਕ ਕਰਨ।
- 28 ਫਰਵਰੀ 2019 ਨੂੰ ਸਾਂਇੰਸ ਦਿਵਸ ਮੌਕੇ ਗਲੋਬਲ ਵਾਰਮਿੰਗ ਵਿਸ਼ੇ ਤੇ ਲੈਕਚਰ ਕਰਾਇਆ ਤੇ ਔਸ਼ਧੀਆਂ ਵਾਲੇ ਬੂਟੇ ਲਗਾਏ ਗਏ।
- 23 ਮਾਰਚ 2019 ਨੂੰ ਯੂਥ ਇਮਪਾਵਰਮੈਂਟ ਡੇ ਮਨਾਇਆ ਜਿਸ ਵਿੱਚ ਸ. ਅਮਰਜੀਤ ਸਿੰਘ ਵੜੈਚ ਅਸਿਸਟੈਂਟ ਡਾਇਰੈਕਟਰ ਆਲ ਇੰਡੀਆ ਰੇਡੀਓ ਨੇ ਪ੍ਰਮੁੱਖ ਵਕਤਾ ਵਜੋਂ ਸ਼ਿਰਕਤ ਕੀਤੀ।
- 26 ਅਗਸਤ 2019 ਨੂੰ ਵਾਤਾਵਰਨ ਸੁਸਾਇਟੀ ਵੱਲੋਂ ਕਾਲਜ ਵਿਖੇ ਮੈਡੀਸੀਨਲ ਪੌਦੇ ਲਗਾਏ ਗਏ।
- 28 ਅਗਸਤ 2019 ਨੂੰ ਅੰਗੇਜ਼ੀ ਵਿਭਾਗ ਦੁਆਰਾ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੇਪਰ ਰੀਡਿੰਗ ਕਾਨਟੈਸਟ ਕਰਾਇਆ ਗਿਆ।

- 29 ਅਗਸਤ 2019 ਨੂੰ ਸਰੀਰਿਕ ਸਿੱਖਿਆ ਵਿਭਾਗ ਦੁਆਰਾ ਰਾਸ਼ਟਰੀ ਖੇਡ ਦਿਵਸ ਮਨਾਇਆ ਗਿਆ, 30 ਅਗਸਤ 2019 ਨੂੰ ਪੰਜਾਬੀ ਵਿਭਾਗ ਦੁਆਰਾ ਸ਼੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਭਾਸ਼ਣ ਪ੍ਰਤੀਯੋਗਤਾ ਆਯੋਜਿਤ ਕੀਤੀ ਗਈ।
- 2 ਸਤੰਬਰ ਤੋਂ 07 ਸਤੰਬਰ 2019 ਤੱਕ ਨਿਊਟ੍ਰੀਸ਼ਨ ਸਪਤਾਹ ਮਨਾਇਆ ਗਿਆ।
- 03 ਸਤੰਬਰ 2019 ਨੂੰ ਜਿਲ੍ਹਾ ਸਿਹਤ ਵਿਭਾਗ , ਪਟਿਆਲਾ ਵੱਲੋਂ ਅੱਖ ਦਾਨ ਪੰਦਰਵਾੜਾ ਅਧੀਨ ਜਿਲ੍ਹਾ ਪੱਧਰੀ ਸੈਮੀਨਾਰ ਕਰਾਇਆ ਗਿਆ।
- 14 ਸਤੰਬਰ 2019 ਨੂੰ ਹਿੰਦੀ ਦਿਵਸ ਦਾ ਆਯੋਜਨ ਕੀਤਾ ਗਿਆ।
- 24 ਸਤੰਬਰ ਨੂੰ ਕੌਮੀ ਸੇਵਾ ਦਿਵਸ ਮੌਕੇ ਅੰਤਰ ਕਾਲਜ ਪੋਸਟਰ ਤੇ ਸਲੋਗਨ ਮੁਕਾਬਲਾ ਕਰਾਇਆ ਗਿਆ ਜਿਸਦਾ ਥੀਮ ਸੀ- ਸਵੱਛਤਾ ਹੀ ਸੇਵਾ
- 01 ਅਕਤੂਬਰ 2019 ਨੂੰ ਗਾਂਧੀ ਜੀ ਦੇ ਜੀਵਨ ਦਰਸ਼ਨ ਤੇ ਆਦਰਸ਼ਾਂ ਉਪਰ ਵਿਸ਼ੇਸ਼ ਲੈਕਚਰ ਕਰਾਇਆ ਗਿਆ।
- 2 ਅਕਤੂਬਰ 2019 ਨੂੰ ਜਿਲ੍ਹਾ, ਪਟਿਆਲਾ ਦੀਆਂ ਹਦਾਇਤਾਂ ਤਹਿਤ ਗਾਂਧੀ ਜਯੰਤੀ ਦੇ ਮੌਕੇ ਐਨ.ਐਸ.ਐਸ. ਅਤੇ ਆਰ.ਆਰ.ਸੀ ਵੱਲੋਂ ਵਿਸ਼ੇਸ਼ ਸਫਾਈ ਮੁਹਿੰਮ ਚਲਾਈ ਗਈ।
- 05 ਅਕਤੂਬਰ 2019 ਨੂੰ ਸਰਕਾਰੀ ਕਾਲਜ ਫਿਜ਼ੀਕਲ ਐਜੂ, ਪਟਿਆਲਾ ਵਿਖੇ ਵਾਤਾਵਰਣ ਚੇਤਨਾ ਮੁਹਿੰਮ ਵਿੱਚ 70ਵਲੰਟੀਅਰਾਂ ਤੇ 3 ਪ੍ਰੋਗਰਾਮ ਅਫਸਰਾਂ ਨੇ ਭਾਗ ਲਿਆ ਜਿੱਥੇ ਮਾਨਯੋਗ ਸ. ਤ੍ਰਿਪਤ ਰਾਜਿੰਦਰ ਸਿੰਘ ਬਾਜਵਾ (ਕੈਬਨਿਟ ਮੰਤਰੀ, ਪੰਜਾਬ) ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ।ਇਸੇ ਦਿਨ ਪਿੰਡ ਖੇੜੀ ਗੁਜਰਾਂ ਵਿਖੇ ਪਰਾਲੀ ਨੂੰ ਲਗਾਉਣ ਦੇ ਨੁਕਸਾਨ ਸਬੰਧੀ ਤੇ ਪਰਾਲੀ ਦੀ ਸੰਭਾਲ ਲਈ ਜਾਗਰੂਕਤਾ ਰੈਲੀ ਕੱਢੀ ਤੇ ਡੋਰ ਟੂ ਡੋਰ ਕੈਂਪੇਨ ਕੀਤਾ।
- 31 ਅਕਤੂਬਰ 2019 ਨੂੰ ਰਾਸ਼ਟਰੀ ਏਕਤਾ ਦਿਵਸ' ਮਨਾਇਆ ।
- 28 ਅਕਤੂਬਰ ਤੋਂ 2 ਨਵੰਬਰ 2019 ਵਿਜੀਲੈਂਸ ਅਵੇਅਰਨੈਸ ਵੀਕ ਮਨਾਇਆ
- 8 ਨਵੰਬਰ 2019 ਨੂੰ ਆਰ.ਆਰ.ਸੀ. ਜਿਲਾ ਪੱਧਰੀ ਮੈਗਾ ਈਵੈਂਟ ਸਮਾਣਾ ਵਿਖੇ ਭਾਗ ਲਿਆ, ਵਿਦਿਆਰਥਣਾਂ ਨੂੰ ਪੋਸਟਰ ਮੇਕਿੰਗ ਵਿੱਚ ਪਹਿਲਾ ਅਤੇ ਆਰਟ ਵਰਕ ਵਿੱਚ ਤੀਜਾ ਇਨਾਮ ਜਿਤਿਆ।
- 18 ਨਵੰਬਰ 2019 ਨੂੰ ਅੰਤਰ ਕਾਲਜ ਪੋਸਟਰ /ਸਲੋਗਨ ਮੇਕਿੰਗ ਮ੍ਰਿਕਾਬਲਾ ਕਰਾਇਆ ਜਿਸਦਾ ਥੀਮ ਸੀ- ਏਡਜ਼ ਦਾ ਗਿਆਨ ਬਚਾਏ ਜਾਨ' 01 ਦਸੰਬਰ 2019 ਨੂੰ ਵਰਲਡ ਏਡਜ਼ ਡੇ ਦੇ ਮੌਕੇ ਜਾਗਰੂਕਤਾ ਰੈਲੀ ਕੱਢੀ।

## *ਵਿਭਾਗੀ ਗਤੀਵਿਧੀਆਂ*

### ਫਾਈਨ ਆਰਟਸ

- ਵਿਭਾਗ ਵੱਲੋਂ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਖੋਜਣ ਲਈ ਟੈਲੰਟ ਹੰਟ ਮੁਕਾਬਲੇ ਮਿਤੀ 03 ਸਤੰਬਰ 2019 ਨੂੰ ਕਰਵਾਏ ਗਏ। ਭੰਜਾਬੀ ਯੂਨੀਵਰਸਿਟੀ ਪਟਿਆ ਦਾ ਖੇਤਰੀ ਯੁਵਕ ਮੇਲਾ ਜ਼ੋਕਿ ਮਿਤੀ 11 ਤੋਂ 13 ਅਕਤੂਬਰ 2019 ਨੂੰ ਖਾਲਸਾ ਕਾਲਜ ਪਟਿਆਲਾ ਵਿਖੇ ਹੋਇਆ ਵਿੱਚ ਵਿਭਾਗ ਦੀਆਂ ਵਿਦਿਆਰਥਣਾਂ ਪ੍ਰੇਰਨਾ ਐਮਏ-1 ਨੇ ਕੋਲਾਜ ਓਿੱਚ ਪਹਿਲਾ ਸਥਾਨ ਅਤੇ ਜਪਨੀਤ ਐਮਏ-2 ਨੇ ਕਲੇਅ ਮਾਡਲਿੰਗ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।
- ਫੈਵੀਕ੍ਰਿਲ ਕੰਪਨੀ ਵੱਲੋਂ ਮਿਤੀ 28 ਫਰਵਰੀ 2020 ਨੂੰ ਵਿਭਾਗ ਵਿੱਚ ਇੱਕ ਦਿਨ ਦੀ ਫੈਬਰਿਕ ਪੇਂਟਿੰਗਵਰਕਸ਼ਾਪ ਲਗਾਈ ਗਈ , ਜਿਸ ਓਿੱਚ ਕੰਪਨੀ ਦੀ ਕਲਾਕਾਰ ਸ਼੍ਰੀਮਤੀ ਇੰਦੂ ਸ਼ਰਮਾ ਨੇ ਵਿਦਿਆਰਥੀਆਂ ਨੂੰ ਅਲੱਗ-ਅਲੱਗ ਟੈਕਨੀਕਸ ਜਿਵੇਂ ਸਟੈਂਸਿਲ, ਥ੍ਰੀ ਡੀ ਵਾਸ਼ ਟੈਕਨੀਕ,ਡ੍ਰਾਈਬਰੱਸ਼ ਆਦਿ ਦੀ ਡੈਮੋ ਦਿੱਤੀ । ਸਟੋਨ ਆਰਟ, ਲੈਦਰ ਪੇਂਟਿੰਗ ਆਦਿ ਬਾਰੇ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੇ ਸੂਟ, ਦੁਪੱਟੇ ਆਦਿ ਪੈਂਟ ਕੀਤੇ ਅਤੇ ਵਰਕਸ਼ਾਪ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ।
- ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਜੀ ਦੇ 550ਵੇਂ ਪ੍ਰਕਾਸ਼ ਉਤਸਵ ਨੂੰ ਮਨਾਉਣ ਲਈ ਵਿਭਾਹਗ ਦੀਆਂ ਵਿਦਿਆਰਥਣਾਂ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਬਾਣੀ ਨਾਲ ਸਬੰਧਤ ਚਿੱਤਰਾਂ ਦੀ ਰਚਨਾ ਕੀਤੀ ਜਿਹਨਾਂ ਦੀ ਪ੍ਰਦਰਸ਼ਨੀ 27 ਮਾਰਚ 2019 ਨੂੰ ਹੋਏ ਸਾਲਾਨਾ ਸਮਾਰੋਹ ਦ"ਰਾਨ ਕੀਤੀ ਗਈ।
- ਸਰਕਾਰੀ ਬਿਕਰਮ ਕਾਲਜ ਆਫ ਕਮਰਸ , ਪਟਿਆਲਾ ਵਿਖੇ ਹੋਏੈ ਜਿਲ੍ਹਾ ਪੱਧਰੀ ਯੂਥ ਫੈਸਟੀਵਲ 2019 ਓਿੱਚ ਜਪਨੀਤ ਕੌਰ ਐਮਏ ਦੀ ਵਿਦਿਆਰਥੀ ਨੇ ਬੈਸਟ ਆਊਟ ਆਫ ਵੇਸਟ ਮਟੀਰਅਲ ਮੁਕਾਬਲੇ ਵਿੱਚ ਦੂਜਾ ਇਨਾਮ ਹਾਸਲ ਕੀਤਾ।ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਵਿਖੇ ਕੰਪਿਊਟਰ ਸਾਂਇੰਸ ਵਿਭਾਵ ਵੱਲੋਂ ਕਰਵਾਏ ਅੰਤਰ-ਕਾਲਜ ਪੋਸਟਰ ਮੁਕਾਬਲੇ ਓਿੱਚ ਦੂਜਾ ਇਨਾਮ ਹਾਸਿਲ ਕੀਤਾ।

- ਕਾਲਜ ਦੇ ਐਨ.ਐਸ.ਐਸ. ਵਿਭਾਗ ਵੱਲੋਂ ਕਰਵਾਏ ਗਏ ਅਲੱਗ- ਅਲੱਗ ਸਲੋਗਨ ਮੁਕਾਬਲਿਆਂ ਵਿੱਚ ਜਪਨੀਤ ਕੌਰ ਨੇ ਪਹਿਲਾ ਅਤੇ ਦੂਜਾ ਇਨਾਮ ਹਾਸਿਲ ਕੀਤਾ।

### ਹੋਮ ਸਾਇੰਸ ਵਿਭਾਗ

- ਹੋਮ ਸਾਇੰਸ ਵਿਭਾਗ ਵੱਲੋਂ ਹੋਮ ਸਾਇੰਸ ਸੁਸਾਇਟੀ ਅਧੀਨ ਸਾਲ 2019 ਵਿੱਚ ਵਿਦਿਆਰਥਣਾਂ ਦੀ ਪ੍ਰਤਿਭਾ ਨੂੰ ਖੋਜਣ ਲਈ ਵੱਖ-ਵੱਖ ਮੁਕਾਬਲੇ ਮੁਕਾਬਲੇ ਕਰਵਾਏ ਗਏ।ਜਿਸ ਵਿੱਚ ਬੀ.ਐਸ.ਸੀ. ਹੋਮ ਸਾਇੰਸ ਅਤੇ ਬੀ.ਏ. ਦੀਆਂ ਵਿਦਿਆਰਥਣਾਂ ਨੇ ਵਧ -ਚੜ੍ਹ ਕੇ ਭਾਗ ਲਿਆ। ਸਤੰਬਰ 2019 ਵਿੱਚ ਰੰਗੋਲੀ , ਪੋਸਟਰ ਬਣਾਉਣ ਅਤੇ ਮਹਿਦੀ ਲਗਾਉਣ ਦੇ ਮੁਕਾਬਲੇ ਕਰਵਾਏ ਗਏ।
- ਨਵੰਬਰ 2019 ਵਿੱਚ ਵਿਭਾਗ ਵਿਖੇ ਇੱਕ ਵਰਕਸ਼ਾਪ ਲਗਾਈ ਗਈ ਜਿਸ ਵਿੱਚ ਰਵਾਇਤੀ ਕਢਾਈ ਅਤੇ ਆਧੁਨਿਕ ਕਢਾਈ ਦੀ ਸਿਖਲਾਈ ਦਿੱਤੀ ਗਈ।ਵਿਭਾਗਾਂ ਦੀਆਂ ਵਿਦਿਆਰਥਣਾਂ ਵੱਲੋਂ ਬੈਸਟ ਆਊਟ ਆਫ ਵੇਸਟ ਦੁਆਰਾ ਖੂਬਸੂਰਤ ਆਰਟੀਕਲ ਬਣਾਏ ਗਏ ਅਤੇ ਬਲਾਕ ਪ੍ਰਿੰਟਿੰਗ ਨਾਲ ਸੂਟ, ਬੈੱਡ ਕਵਰ ਅਤੇ ਦੁਪੱਟੇ ਆਦਿ ਤਿਆਰ ਕਰਕੇ ਪ੍ਰਦਰਸ਼ਨੀ ਵੀ ਲਗਾਈ ਗਈ।
- ਮਿਤੀ 02 ਸਤੰਬਰ 2019 ਤੋਂ 07 ਸਤੰਬਰ 2019 ਤੱਕ ਪੋਸ਼ਣ ਸਪਤਾਹ ਮਨਾਇਆ ਗਿਆ । ਮਿਤੀ 02 ਸਤੰਬਰ ਨੂੰ ਪੌਸ਼ਟਿਕ ਅਹਾਰ ਸਬੰਧੀ ਪੋਸਟਰ ਅਤੇ ਸਲੋਗਨ ਪ੍ਰਤੀਯੋਗਤਾ ਕਰਵਾਈ ਗਈ ਜਿਸ ਵਿੱਓ ਪਟਿਆਲਾ ਦੇ ਐਸ.ਐਸ.ਸੀ ਸ. ਸਨਦੀਪ ਸਿੰਘ ਸਿੱਧੂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਮਿਤੀ 03.09.2019 ਨੂੰ ਵਿਦਿਆਰਥਣਾਂ ਵੱਲੋਂ ਪ੍ਰੌਸ਼ਟਿਕ ਅਹਾਰ ਬਣਾਏ ਗਏ ਜਿਸ ਵਿੱਚ ਡਾ. ਹਰੀਸ਼ ਮਲਹੋਤਰਾ ਸਿਵਲ ਸਰਜਨ ਪਟਿਆਲਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਮਿਤੀ 04.09.2019 ਨੂੰ ਵਿਦਿਆਰਥਣਾਂ ਨੂੰ ਜੰਕਫੂਡ ਅਤੇ ਫਾਸਟ ਫੂਡ ਖਾਣ ਤੋਂ ਪ੍ਰਹੇਜ਼ ਕਰਨ ਦਾ ਸੁਨੇਹਾ ਦੇਣ ਲਈ ਡੈਕਲਾਮੇਸ਼ਨ ਅਤੇ ਇੱਕ ਲਘੂ ਨਾਟਕ ਵੀ ਕਰਵਾਇਆ ਗਿਆ ਜਿਸ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਡੀਨ ਕਾਲਜ਼ ਡਾ. ਤ੍ਰਿਸ਼ਨਜੀਤ ਕੌਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਮਿਤੀ 05 ਸਤੰਬਰ 2019 ਨੂੰ ਵਿਦਿਆਰਥਣਾਂ ਦੇ ਪੋਸ਼ਟਿਕ ਅਹਾਰ ਸਬੰਧੀ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਡਾ. ਹਰਭਜਨ ਕੌਰ (ਰਿਟਾ: ਪ੍ਰੋਫੈਸਰ) ਨੇ ਵਿਦਿਆਰਥਣਾਂ ਦੀ ਹੌਂਸਲਾ ਅਫਜਾਈ ਕੀਤੀ।
- ਮਿਤੀ 09.09.2019 ਤੋਂ 14.09.2019 ਤੱਕ ਵਿਭਾਗ ਦੀਆਂ ਬੀਏ ਭਾਗ-ਤੀਜਾ ਦੀਆਂ ਵਿਦਿਆਰਥਣਾਂ ਵੱਨੋਂ ਕੁਕਿੰਗ ਲੈਬ ਦੇ ਰਾਹਰ ਪ੍ਰਦਰਸ਼ਨ ਬੋਰਡ (ਡਿਸਪਲੇਅ ਬੋਰਡ) ਉਪਰ ਵੱਖ-ਵੱਖ ਸੰਤੁਲਿਤ ਅਹਾਰ ਦੇ ਪੋਸਟਰ ਬਣਾ ਕੇ ਲਗਾਏ ਗਏ।
- ਮਿਤੀ 23 ਸਤੰਬਰ 2019 ਨੂੰ ਅਸੰਤੁਲਿਤ ਭੋਜਨ , ਪਾਣੀ, ਹਵਾ ਅਤੇ ਮੌਸਮ ਨਾਲ ਸਬੰਧਿਤ ਬੀਮਾਰੀਆਂ ਤੋਂ ਜਾਗਰੂਕ ਕਰਵਾਉਣ ਲਈ ਡਾ. ਵਿਵੇਕ ਸਿੰਗਲਾ ਦਾ ਲੈਕਚਰ ਕਰਵਾਇਆ ਗਿਆ।

### ਡਾਂਸ ਵਿਭਾਗ

- 15 ਅਗਸਤ, 2019 ਨੂੰ **ਅਜ਼ਾਦੀ ਦਿਵਸ** ਅਤੇ 26 ਜਨਵਰੀ 2019 **ਗਣਤੰਤਰ ਦਿਵਸ** ਦੇ ਮੌਕੇ ਤੇ ਵਿਭਾਗ ਦੀਆਂ ਵਿਦਿਆਰਥਣਾਂ ਵੱਲੋਂ ਗਿੱਧੇ ਦੀ ਪੇਸ਼ਕਾਰੀ ਦਿੱਤੀ ਗਈ।
- ਟੰਤਰ ਰਾਸ਼ਟਰੀ ਮਹਿਲਾ ਦਿਵਸ ਦੇ ਮੌਂ ਆਯੋਜਿਤ ਪ੍ਰੋਗਰਾਮ ਵਿੱਚ ਵਿਭਾਗ ਦੇ ਡਾ. ਕੁਲਵਿੰਦਰ ਕੌਰ ਅਤੇ ਡਾ. ਸੀਮਾ ਸ਼ਰਮਾ ਨੇ ਨ੍ਰਿਤ ਦੀ ਸ਼ਲਾਘਾਯੋਗ ਪੇਸ਼ਕਾਰੀ ਦਿੱਤੀ।
- ਹੈਰੀਟੇਜ਼ ਮੇਲੇ ਤੇ ਮਿਤੀ 05 ਮਾਰਚ 2020 ਨੂੰ ਵਿਭਾਗ ਦੀਆਂ ਵਿਦਿਆਰਥਣਾਂ ਨੇ ਫੋਕ ਡਾਂਸ ਦੇ ਮੁਕਾਬਲਿਆਂ ਓਿੱਚ ਭਾਗ ਲੈਕੇ ਦੂਜਾ ਸਥਾਨ ਪ੍ਰਾਪਤ ਕੀਤਾ।

### ਅਰਥਸ਼ਾਸ਼ਤਰ ਵਿਭਾਗ

ਮਿਤੀ 19 ਸਤੰਬਰ 2019 ਨੂੰ “GDP- Growth Rate of Indian Econo,my- Peformance and Polcies” ਵਿਸ਼ੇ ਤੇ ਪੇਪਰ ਰੀਡਿੰਗ ਕੰਨਟੈਸਟ ਕਰਵਾਇਆ ਗਿਆ।ਇਸ ਵਿੱਚ ਬੀਏ ਭਾਗ ਤੀਜਾ ਦੀਆਂ ਵਿਦਿਆਰਥਣਾਂ ਨੈ ਭਾਗ ਲਿਆ।

### ਪੋਲੀਟੀਕਲ ਸਾਂਇੰਸ ਵਿਭਾਗ

- ਮਿਤੀ 26 ਨਵੰਬਰ 2019 ਨੂੰ “ਸੰਵਿਧਾਨ ਦਿਵਸ” ਦੇ ਮੌਕੇ ਤੇ ਵਿਭਾਗ ਵੱਨੋਂ ਸੰਵਿਧਾਨ ਸਬੰਧੀ ਪ੍ਰਸ਼ਨ-ਉੱਤਰੀ ਮੁਕਾਬਲਾ ਕਰਵਾਇਆ ਗਿਆ, ਸੰਸਦ ਬਣਾ ਕੇ ਸੰਸਦੀ ਦੀ ਕਾਰਵਾਈ ਦੇ ਨਮੂਨੇ ਤੇ ਵਿਦਿਆਰਥਦੀਆਂ ਨੇ ਸੰਸਦ ਦੀ ਕਾਰਵਾਈ ਚਲਾਈ ਜਿਸ ਨਾਲ ਵਿਦਿਆਰਥੀਆਂ ਨੂੰ ਸੰਸਦ ਦੀ ਕਾਰਜ ਸ਼ੈਲੀ ਬਾਰੇ ਜਾਣਕਾਰੀ ਮਿਲੀ

- 25 ਜਨਵਰੀ 2020 ਨੂੰ ਰਾਸ਼ਟਰੀ ਵੋਟਰ ਦਿਵਸ ਦੇ ਮੌਕੇ ਤੇ ਕਾਲਰਜ ਵਿੱਚ ਵਿਭਾਗ ਵੱਨੋਂ ਇੱਕ ਸਮਾਰੋਹ ਕੀਤਾ ਗਿਆ । ਇਸ ਸਮਾਰੋਹ ਉਿੱਚ ਵਿਭਾਗ ਦੇ ਅਧਿਆਪਕ ਪ੍ਰੋ. ਸ਼ਾਮ ਸੁੰਦਰ ਸ਼ਰਮਾ ਜੀ ਨੇ ਵੋਟਰ ਦਿਵਸ ਅਤੇ ਵੋਟ ਦੇ ਅਧਿਕਾਰ ਬਾਰੇ ਵਿਦਿਆਰਥੀਆਂ ਨੁ ਜਾਣ ਕਾਰੀ ਦਿੱਤੀ।ਇਸ ਸਮਾਰੋਹ ਵਿੱਚ ਕਾਲਜ ਦੇ ਚੋਣਾਂ ਨਾਲ ਸਬੰਧਿਤ ਅਧਿਕਾਰੀ ਪ੍ਰੋ. ਜਗਮੋਹਨ ਸ਼ਰਮਾ ਅਤੇ ਪ੍ਰੋ. ਨਿਰਮਲ ਸਿੰਘ ਨੇ ਵੀ ਹਿੱਸਾ ਲਿਆ ਅਤੇ ਵਿਦਿਆਰਥੀਆਂ ਨਾਲ ਇਸ ਵਿਸ਼ੇ ਤੇ ਵਿਚਾਰ ਸਾਂਝੇ ਕੀਤੇ।

### ਇਤਿਹਾਸ ਵਿਭਾਗ

ਮਿਤੀ 10 ਅਪ੍ਰੈਲ 2019 ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ 220ਾਲਾ ਪ੍ਰਕਾਸ਼ ਸ਼ਤਾਬਦੀ ਸਮੇਂ ਇਤਿਹਾਸ ਵਿਭਾਗ ਦੇ ਵਿਦਿਆਰਥੀਆਂ ਦਾ ਭਾਸ਼ਣ ਪ੍ਰਤੀਯੋਗਤਾ ਅਤੇ ਲੇਖ ਮੁਕਾਬਲਾ ਕਰਾਇਆ ਗਿਆ।12 ਅਪ੍ਰੈਲ 2019 ਗੁਰੂ ਨਾਨਕ ਦੇਵ ਜੀ ਦੇ 550ਵੇਂ ਸਾਲਾ ਪ੍ਰਕਾਸ਼ ਉਤਸਵ ਮੌਕੇ ਇਤਿਹਾਸ ਵਿਭਾਗ ਦੇ ਵਿਦਿਆਰਥੀਆਂ ਲੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਿਤ ਯਾਤਰਾਵਾਂ ਬਾਰੇ ਪ੍ਰਦਰਸ਼ਲੀ ਲਗਾਈ।

ਸਾਕਾ ਜਲ੍ਹਿਆਂਵਾਲਾ ਬਾਗ ਦੌਰਾਨ ਹੋਏ ਸ਼ਹੀਦਾਂ ਨੂੰ ਕਾਲਜ ਦੀਆਂ ਵਿਦਿਆਰਥਣਾਂ ਨੂੰ 13 ਅਪ੍ਰੈਲ 2019 ਨੂੰ ਮੋਮਬੱਤੀਆਂ ਜਲਾ ਕੇ ਸ਼ਰਧਾਂਜਲੀ ਦਿੱਤੀ।ਮਿਤੀ 19.02.2020 ਨੂੰ ਮਦਰ ਲਹਿਰ ਵਿੱਚ ਸਿੱਖਾਂ ਦਾ ਯੋਗਦਾਨ ਵਿਸ਼ੇ ਤੇ ਪ੍ਰੋ. ਸੰਦੀਪ ਸਿੰਘ ਵੱਲੋਂ ਵਿਦਿਆਰਥਣਾਂ ਨੂੰ ਲੈਕਚਰ ਦਿੱਤਾ ਗਿਆ ਅਤੇ ਲੇਖ ਮੁਕਾਬਲਾ ਕਰਾਇਆ ਗਿਆ।

### ਮਨੋਵਿਗਿਆਨ ਵਿਭਾਗ

- ਵਿਭਾਗ ਵੱਲੋਂ ਸਤੰਬਰ 2019 ਵਿੱਚ "Applications of Psychology " ਵਿਸ਼ੇ ਤੇ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ।
- ਸ਼੍ਰੀਮਤੀ ਲੀਨਾ ਭਾਰਤੀ (ਗੈਸਟ ਫੈਕਲਟੀ) ਨੇ ਟੇਲੰਟ ਸਕਿਲਜ਼ ਜਨਵਰੀ 2020 ਵਿੱਓ ਪੀ.ਐਚ.ਡੀ. ਡਿਵਰੀ ਪ੍ਰਾਪਤ ਕੀਤੀ।

### ਜੌਗਰਫ਼ੀ ਵਿਭਾਗ

- ਜੌਗਰਫ਼ੀ ਵਿਭਾਗ ਵੱਲੋਂ ਸੈਸ਼ਨ 2019-20 ਵਿੱਚ ਜੌਗਰਫ਼ੀ ਵਿਭਾਗ ਵਿਖੇ ਵਿਦਿਆਰਥਣਾਂ ਵਿਚਕਾਰ ਨਕਸ਼ਾ ਬਣਾਉਣ, ਚਾਰਟ ਬਣਾਉਣ ਅਤੇ ਕੁਇਜ਼ ਮੁਕਾਬਲੇ ਕਰਵਾਏ ਗਏ।ਜਿਸ ਵਿੱਚ ਸਾਰੀਆਂ ਕਲਾਸਾਂ ਦੀਆਂ ਵਿਦਿਆਰਥਣਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।
- ਮਿਤੀ 06 ਫਰਵਰੀ, 2019 ਨੂੰ ਜੌਗਰਫ਼ੀ ਵਿਭਾਗ ਦੀਆਂ ਬੀਏ ਭਾਗ ਦੂਜਾ ਦੀਆਂ ਅਮਨਪ੍ਰੀਤ ਕੌਰ, ਕਿਸਮਤਜੀਤ ਕੌਰਅਤੇ ਬੀਏ ਭਾਗ ਤੀਜਾ ਦੀ ਜਸ਼ਨਦੀਪ ਕੌਰ ਨੇ ਖਾਲਸਾ ਕਾਲਜ ਪਟਿਆਲਾ ਵਿਖੇ 20 ਫਰਵਰੀ 2020 ਨੂੰ ਕੁਇਜ਼ ਮੁਕਾਬਲੇ ਵਿੱਚ ਭਾਗ ਲਿਆ।

### ਫੋਕ ਆਰਟ ਐਂਡ ਕਲਚਰ

- ਮਿਤੀ 23 ਮਾਰਚ 2019 ਨੂੰ ਯੂਥ ਸਰਵਿਸਿਜ਼ ਵੱਲੋਂ ਕਰਵਾਏ ਗਏ ਜਿਲ੍ਹਾ ਪੱਧਰੀ ਯੁਵਕ ਮੇਲੇ ਵਿੱਚ ਵਿਭਾਗ ਦੀ ਗਿੱਧਾ ਟੀਮ ਨੇ ਸ਼ਾਨਦਾਰ ਪੇਸ਼ਕਾਰੀ ਦੇਕੇ ਪਹਿਲਾ ਸਥਾਨ ਪ੍ਰਾਪਤ ਕੀਤਾ।
- 15 ਅਗਸਤ 2019 ਨੂੰ ਸੁਤੰਤਰਤਾ ਦਿਵਸ ਦੇ ਮੌਕੇ ਤੇ ਅਤੇ 26 ਜਨਵਰੀ 2020 ਨੂੰ ਗਣਤੰਤਰਤਾ ਦਿਵਸ ਦੇ ਮੌਕੇ ਤੇ ਵਿਭਾਗ ਦੀਆਂ ਵਿਦਿਆਰਥਣਾਂ ਨੇ ਗਿੱਧੇ ਦੀ ਸ਼ਾਨਦਾਰ ਪ੍ਰਸਤੁਤੀ ਦਿਤੀ ਅਤੇ ਪੰਜਾਬ ਦੇ ਸਿੱਖਿਆ ਮੰਤਰੀ ਸ਼੍ਰੀ ਵਿਜੈਇੰਦਰ ਸਿੰਘ ਸਿੰਗਲਾ ਤੋਂ ਸਨਮਾਨ ਵੀ ਪ੍ਰਾਪਤ ਕੀਤਾ।
- 3 ਮਾਰਚ 2020 ਨੂੰ ਵਿਭਾਗ ਦੀ ਗਿੱਧਾ ਟੀਮ ਨੇ ਹੈਰੀਟੇਜ਼ ਮੇਲੇ ਤੇ ਗਿੱਧੇ ਦੀ ਪੇਸ਼ਕਾਰੀ ਦੇਕੇ ਪਹਿਲਾ ਸਥਾਨ ਪ੍ਰਾਪਤ ਕੀਤਾ।
- ਕਾਲਜ ਵਿੱਚ ਸਮੇਂ-ਸਮੇਂ ਸਿਰ ਹੋਣ ਵਾਲੇ ਸਮਾਗਮਾਂ ਅਤੇ ਯੁਵਕ ਮੇਲਿਆਂ ਵਿੱਚ ਵਿਭਾਗ ਦੀ ਗਿੱਧਾ ਟੀਮ ਦੀ ਸ਼ਾਨਦਾਰ ਪੇਸ਼ਕਾਰੀ ਸ਼ਲਾਘਾਯੋਗ ਹੈ।

### ਸਰੀਰਿਕ ਸਿੱਖਿਆ ਵਿਭਾਗ

ਮਿਤੀ 29 ਅਗਸਤ 2019 ਨੂੰ ਖੇਲੋ ਇੰਡੀਆ ਦਿਵਸ ਮਨਾਇਆ ਗਿਆ, ਜਿਸ ਵਿੱਚ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਦਾ ਟੀਵੀ ਤੇ ਪ੍ਰਸਾਰਿਤ ਹੋਇਆ ਭਾਸ਼ਣ ਵਿਦਿਆਰਥਣਾਂ ਨੂੰ ਦਿਖਾਇਆ ਗਿਆ ਅਤੇ ਇਸ ਮੌਕੇ ਪ੍ਰੋ. ਗੁਰਿੰਦਰ ਕੌਰ (ਮੁਖੀ ਵਿਭਾਗ) ਨੇ ਵਿਦਿਆਰਥਣਾਂ ਨੂੰ ਖੇਲੋ ਇੰਡੀਆ ਦਿਵਸ ਦੇ ਮਹੱਤਵ ਬਾਰੇ ਜਾਣੂ ਕਰਾਇਆ ਅਤੇ ਮੇਜਰ ਧਿਆਨ ਚੰਦ ਜੋ ਕਿ ਹਾਕੀ ਦੇ ਉਘੇ ਖਿਡਾਰੀ ਹਨ, ਬਾਰੇ ਜਾਣਕਾਰੀ ਦਿੱਤੀ।ਵਿਭਾਗ ਵੱਲੋਂ ਮੈਡਮ ਪ੍ਰਿੰਸੀਪਲ ਦੀ ਅਗਵਾਈ ਹੇਠ 55 ਵਾਂ ਸਲਾਨਾ ਖੇਡ ਸਮਾਰੋਹ ਕਰਾਹਿਆ ਗਿਆ।

## ਪੰਜਾਬੀ ਵਿਭਾਗ

- ਮਿਤੀ 30 ਅਗਸਤ 2019 ਨੂੰ ਵਿਭਾਗ ਦੁਆਰਾ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ ਉਲੀਕੇ ਸਮਾਗਮਾਂ ਦੀ ਲੜੀ ਤਹਿਤ ਸ਼੍ਰੀ ਗੁਰੂ ਨਾਨਕ ਦੇਵੀ ਜੀ ਨਾਲ ਸਬੰਧਤ ਭਾਸ਼ਣ ਪ੍ਰਤੀਯੋਗਤਾ ਦਾ ਆਯੋਜਨ ਕੀਤਾ ਗਿਆ।
- ਮਿਤੀ 21.10.2019 ਨੂੰ ਵਿਭਾਗ ਵੱਲੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਕੁਇਜ਼ ਮੁਕਾਬਲਾ ਕਰਵਾਇਆ ਗਿਆ।
- ਮਿਤੀ 24.10.2019 ਪ੍ਰੋ. ਕੰਵਲਜੀਤ ਕੌਰ , ਪ੍ਰੋ. ਅਰੁਨਦੀਪ ਨੇ ਪੰਜਾਬੀ ਸਾਹਿਤ ਦੀਆਂ ਵਿਦਿਆਰਥਣਾਂ ਨਾਲ ਪੰਜਾਬੀ ਯੂਨੀਵਸਿਟੀ ਪਟਿਆਲਾ ਵਿਖੇ ਪੁਤਕ ਮੇਲੇ ਦਾ ਦ”ਰਾ ਕੀਤਾ, ਪੁਰਾਤਨ ਹੱਥ ਲਿਖਤ ਬੀੜਾਂ ਦੇ ਦਰਸ਼ਨ ਕੀਤੇ।

## ਹਿੰਦੀ ਵਿਭਾਗ

- ਮਿਤੀ 12 ਅਪ੍ਰੈਲ 2019 ਨੂੰ ਹਿੰਦੀ ਵਿਭਾਗ ਸੈਂਟਰਲ ਯੂਨੀਵਰਸਿਟੀ ਬਠਿੰਡਾ (ਪੰਜਾਬ ) ਦੁਆਰਾ “ ਰਾਗ ਦਰਬਾਰੀ ਕੇ ਪਚਾਸ ਵਰਸ਼” ਪ੍ਰੋਗਰਾਮ ਵਿੱਚ ਰੱਖੇ ਗਏ ਖੋਜ ਪੱਤਰ ਮੁਕਾਬਲੇ ਓਿੱਚ ਵਿਭਾਗ ਦੀਆਂ ਬੀਏ -3 ਦੀਆਂ ਵਿਦਿਆਰਥਣਾਂ ਬਬੀਤਾ, ਕਿਰਨ ਅਤੇ ਸੀਮਾ ਨੇ ਡਾ. ਪ੍ਰਵੀਨ ਬਾਲਾ ਦੇ ਨਿਰਦੇਸ਼ਨ ਵਿੱਚ ਆਪਣੇ ਖੋਜ਼ ਪੱਤਰ ਭੇਜ਼ ਕੇ ਪ੍ਰਮਾਦ ਪੱਤਰ ਪ੍ਰਾਪਤ ਕੀਤੇ।ਉਪਰੋਕਤ ਮੁਕਾਬਲੇ ਵਿੱਚ ਬਬੀਤਾ (ਬੀਏ -3) ਨੇਦੂਜਾ ਸਥਾਨ ਪ੍ਰਾਪਤ ਕੀਤਾ।
- ਮਿਤੀ 14 ਸਤੰਬਰ 2019 ਨੂੰ ਵਿਭਾਗ ਵਿੱਓ ਹਿੰਦੀ ਦਿਵਸ ਮਨਾਇਆ ਗਿਆ। ਵਿਭਾਗ ਦੇ ਮੁੱਖੀ ਪ੍ਰੋ ਰੇਨੂ ਗੋਇਲ ਨੇ ਇਸ ਮੌਕੇ ਤੇ ਵਿਦਿਆਰਥਣਾਂ ਨੂੰ ਹਿੰਦੀ ਸਾਹਿਤਿਕ ਿੱਤਰਕਾਵਾਂ ਵਿਤਰਣ ਕਰਕੇ ਵਿਦਿਆਰਣਾਂ ਦੀ ਸਾਹਿਤਿਕ ਰੁਚੀ ਨੂੰ ਪ੍ਰੋਤਸ਼ਾਹਿਤ ਕੀਤਾ।

## ਸੰਸਕ੍ਰਿਤ ਵਿਭਾਗ

17 ਅਗਸਤ 2019 ਨੂੰ “ਸੰਸਕ੍ਰਿਤ ਦਿਵਸ “ ਦੇ ਮੌਕੇ ਤੇ ਲੈਕਚਰ ਰਾਂਹੀ ਵਿਦਿਆਰਥਣਾਂ ਨੂੰ ਸੰਸਕ੍ਰਿਤ ਪਾਸ਼ਾ ਦੇ ਮਹੱਤਵ ਤੋਂ ਜਾਣੂ ਕਰਵਾਇਆ ਗਿਆ।

23 ਅਕਤੂਬਰ 2019 ਨੂੰ ਯੂਥ ਕਲੱਬ ਵੱਲੋਂ ਆਯੋਜਿਤ ਦੀਵਾਲੀ ਮੇਲੇ ਦੌਰਾਨ ਸੰਸਕ੍ਰਿਤ ਭਾਸ਼ਾ ਨਾਲ ਸਬੰਧਤ ਪੋਸਟਰਾਂ ਦੀ ਪ੍ਰਦਰਸ਼ਨੀ ਲਗਾਈ

## ਅੰਗ੍ਰੇਜ਼ੀ ਵਿਭਾਗ

- ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਦੇ ਮ”ਕੇ ਤੇ ਮਿਤੀ 28 ਅਗਸਤ 2019 ਨੂੰ ਵਿਭਾਗ ਵੱਲੋਂ ਇੱਕ ਪੇਪਰ ਰੀਡਿੰਗ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਓ ਵਿਦਿਆਰਥਣਾਂ ਨੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਤੇ ਉਹਨਾਂ ਦੀ ਸਖਸ਼ੀਅਤ ਤੇ ਵੱਖ-ਵੱਖ ਪਹਿਲੂਆਂ ਤੇ ਆਪਣੇ ਵਿਚਾਰ ਪ੍ਰਗਟ ਕੀਤੇ।
- 24 ਸਤੰਬਰ 2019 ਨੂੰ ਵਿਭਾਗ ਵੱਲੋਂ ਪ੍ਰਤਿਭਾ ਖੋਜ਼ ਮੁਕਾਬਲਿਆਂ ਦੇ ਅਧੀਨ ਪ੍ਰਤੀਯੋਗਤਾ ਦਾ ਆਯੋਜਨ ਕੀਤਾ ਗਿਆ।
- ਮਿਤੀ 01 ਅਕਤੂਬ 2019 ਨੂੰ ਬੀਏ ਭਾਗ ਤੀਜਾ ਦੇ ਫੰਕਸ਼ਨਲ ਇੰਗਲਿਸ਼ ਦੀਆਂ ਵਿਦਿਆਰਥਣਾਂ ਨੂੰ ਆਲ ਇੰਡੀਆ ਰੇਡੀਓ ਪ੍ਰਸਾਰ ਭਾਰਤੀ , ਪਟਿਆਲਾ ਲਿਜਾਇਆ ਗਿਆ। ਵਿਦਿਆਰਥਣਾਂ ਨੂੰ ਰੇਡੀਓ ਸਟੇਸ਼ਨ ਦੀ ਵਰਕਿੰਗ ਬਾਰੇ ਦੱਸਿਆ ਗਿਆ।ਸਭੇਸ਼ਨ ਡਾਇਰੈਕਟਰ , ਸ. ਅਮਰਜੀਤ ਸਿੰਘ ਵੜੈਚ ਨੇ ਵਿਦਿਆਰਥਣਾਂ ਨੂੰ “ Voice Modulation” ਦੇ ਵਿਸ਼ੇ ਤੇ ਲੈਕਚਰ ਦਿੱਤਾ। ਵਿਦਿਆਰਥਣਾਂ ਨੇ “ youth tday “ ਵਿਸ਼ੇ ਤੇ ਵਾਰਤਾਲਾਪ ਕੀਤਾ ਅਤੇ ਆਪੋ ਆਪਣੇ ਵਿਚਾਰ ਪੇਸ਼ ਕੀਤੇ। ਪ੍ਰੋਗਰਾਮ ਦੀ ਰਿਕਾਰਡਿੰਗ ਮਿਤੀ 15.10.2019 ਨੂੰ 100.2 FM ਤੇ ਬਰਾਡਕਾਸਟ ਵੀ ਹੋਈ।
- ਮਿਤੀ 02.11.2019 ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਮੌਕੇ , ਰੇਡੀਓ ਸਟੇਸ਼ਨ ਪਟਿਆਲਾ ਵਿਖੇ ਪ੍ਰੋਗਰਾਮ ਦੀ ਰਿਕਾਰਡਿੰਗ ਹੋਈ , ਜਿਸ ਵਿੱਚ ਬੀਏ ਭਾਗ ਤੀਜਾ ਫੰਕਸ਼ਨਲ ਇੰਗਲਿਸ਼ ਦੀਆਂ ਵਿਦਿਆਰਥਣਾਂ ਨੇ ਪ੍ਰੋਗਰਾਮ ਦੀ ਰਿਕਾਰਡਿੰਗ ਮਿਤੀ 12 ਨਵੰਬਰ 2019 ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਮੌਕੇ 100.2 FM ਰੇਡੀਓ ਤੇ ਬਰਾਡਕਾਸਟ ਵੀ ਹੋਈ।

## ਸੰਗੀਤ ਵਾਦਨ ਵਿਭਾਗ

ਸੈਸ਼ਨ ਦੇ ਆਰੰਭ ਵਿੱਚ ਵਿਦਿਆਰਥਣਾਂ ਦੇ ਟੈਲੰਟ ਨੂੰ ਖੋਜਣ ਲਈ ਵਿਭਾਗ ਵਿਖੇ ਮਿਤੀ .................. ਨੂੰ ਪ੍ਰਤਿਭਾ ਖੋਜ ਮੁਕਾਬਲੇ ਕਰਵਾਏ ਗਏ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖੇਤਰੀ ਯੁਵਕ ਮੇਲੇ ਜੋ ਖਾਲਸਾ ਕਾਲਜ ਪਟਿਆਲਾ ਵਿਖੇ ਮਿਤੀ 23.10.2019 ਤੋਂ 25.10.2019 ਨੂੰ ਹੋਇਆ, ਵਿੱਚ ਵਿਭਾਗ ਦੀ ਬੀ.ਏ. ਦੀ ਵਿਦਿਆਰਥਣ ਗਰਿਮਾ ਨੇ ਕਲਾਸੀਕਲ ਇੰਸਟਰੂਮੈਂਟਲ ਨਾਨ ਪ੍ਰਕਸ਼ਨ ਦੀ ਆਈਟਮ ਵਿੱਚ ਭਾਗ ਲਿਆ ਅਤੇ ਦੂਜਾ ਸਥਾਨ ਪ੍ਰਾਪਤ ਕੀਤਾ।

ਸਮੇਂ-ਸਮੇਂ ਤੇ ਹੋਣ ਵਾਲੇ ਸੰਗੀਤ ਪ੍ਰੋਗਰਾਮਾਂ ਜਿਵੇਂ ਕਿ ਹੈਜੀਟੇਜ਼ ਆਦਿ ਵਿੱਚ ਵਿਭਾਗ ਦੀਆਂ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਭਾਗ ਲਿਆ।

## ਸੰਗੀਤ ਗਾਇਨ ਵਿਭਾਗ

ਸੈਸ਼ਨ ਦੇ ਆਰੰਭ ਵਿੱਚ ਮਿਤੀ 28.08.2019 ਨੂੰ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਨ ਲਈ ਟੈਲੰਟ ਹੰਅ ਮੁਕਾਬਲੇ ਕਰਵਾਏ ਗਏ।

ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਸਾਲਾਂ ਪ੍ਰਕਾਸ਼ ਪੁਰਬ ਦੇ ਸੰਦਰਭ ਵਿੱਚ ਮਿਤੀ 4 ਸਤੰਬਰ 2019 ਨੂੰ ਅਰਬਨ ਅਸਟੇਟ -ਸੰਗਰੂਰ ਬਾਈਪਾਸ ਪਟਿਆਲਾ ਵਿਖੇ ਹਰਿਆਵਲ ਮੁਹਿੰਮ ਵਿੱਚ 550 ਬੂਟੇ ਲਗਾਏ ਗਏ।ਸੰਗੀਤ ਵਿਭਾਗ ਦੀਆਂ ਵਿਦਿਆਰਥਣਾਂ ਤੇ ਅਧਿਆਪਕਾਂ ਨੇ ਵੀ ਇਸ ਮੁਹਿੰਮ ਦਾ ਹਿੱਸਾ ਬਣਕੇ ਬੂਟੇ ਲਗਾਉਣ ਵਿੱਚ ਆਪਣਾ ਯੋਗਦੈਨ ਪਾਇਆ । ਇਹ ਕਾਰਜ ਨਾਨਕਸਰ ਕੁਟੀਆਂ ਦੇ ਬਾਬਾ ਜੀ ਵੱਲੋਂ ਆਰੰਭਿਆ ਗਿਆ।

ਮਿਤੀ 07.11.2019 ਨੂੰ ਪ੍ਰਸਾਰ ਭਾਰਤੀ ਪਟਿਆਲਾ ਵਿਖੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ਼ਬਦ ਗੁਰਬਾਣੀ ਕੀਰਤਨ ਦੀ ਰਿਕਾਡਿੰਗ ਕਰਵਾਈ ਗਈ। ਟੈਮ.ਏ. ਭਾਗ ਦੂਜਾ ਦੀ ਵਿਦਿਆਰਥਣ ਅਲਕਾ ਅਤੇ ਬੀਏ ਭਾਗ ਦੂਜਾ ਦੀ ਵਿਦਿਆਰਥਣ ਗੁਰਜੋਤ ਨੇ ਸ਼ਬਦ ਗਾਇਨ ਕੀਤਾ ਇਹ ਪ੍ਰੋਗਰਾਮ ਮਿਤੀ 13 ਨਵੰਬਰ 2019 ਨੂੰ ਐਫ.ਐਮ. 100.2 ਬੈਂਡ ਤੇ ਪ੍ਰਸਾਰਿਤ ਕੀਤਾ ਗਿਆ।

ਮਤੀ 10 ਨਵੰਬਰ 2019 ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਪ੍ਰੋਫੈਸਰ ਮੁਖੀ ਡਾ. ਸਬਰਜਿੰਦਰ ਸਿੰਘ ਵਿਦਿਆਰਥਣਾਂ ਨਾਲ ਰੂਬਰੂ ਹੋਏ । ਇਸ ਰੂਬਰੂ ਪ੍ਰੋਗਰਾਮ ਦੌਰਾਨ ਡਾ. ਸਾਹਿਬ ਨੇ ਆਪਣੇ ਅਨਮੋਲ ਵਿਚਾਰਾਂ ਤੇ ਤਜਰਬੇ ਦੀ ਸਾਂਝੇ ਨਾਲ ਵਿਦਿਆਰਥਣਾਂ ਨੂੰ ਉਸ ਭਵਿੱਚ ਵੱਨ ਪ੍ਰੇਰਿਤ ਕੀਤਾ ।

ਮਤੀ 23 ਫਰਵਰੀ 2020 ਨੂੰ ਪਟਿਆਲਾ ਹੈਰੀਟੇਜ਼ ਵੱਲੋਂ ਕਰਵਾਏ ਗਏ ਸਾਸ਼ਤਰੀ ਗਾਇਨ ਸੰਮੇਲਨ ਵਿੱਚ ਕਿਲਾ ਮੁਬਾਰਕ ਵਿਖੇ ਪ੍ਰਦਰਸ਼ਨੀ ਸ਼੍ਰੀ ਸੁਪ੍ਰਸਿੱਧ ਕਲਾਕਾਰ ਸ਼੍ਰੀਮਤੀ ਸ਼ੋਭਾ ਮੋਦਗਿਲ ਜੀ ਦੇ ਸ਼ਾਸ਼ਤਰੀ ਗਾਇਨ ਨਾਲ ਵਿਭਾਗ ਦੀਆਂ ਦੋ ਵਿਦਿਆਰਥਣਾਂ ਅਲਕਾ ਤੇ ਗਰੀਮਾ ਨੇ ਤਾਨਪੁਰਾ ਵਜਾ ਕੇ ਸਹਿਯੋਗੀ ਕਲਾਕਾਰ ਵੱਲੋਂ ਸੰਗਤ ਕੀਤੀ।ਮਾਨਯੋਗ ਮਹਾਰਾਣੀ ਪ੍ਰਨੀਤ ਕੌਰ ਜੀ ਵੱਲੋਂ ਵਿਦਿਆਰਥਣਾਂ ਨੂੰ ਫੁਲਕਾਰੀ ਦੇ ਕੇ ਸਨਮਾਨਿਤ ਕੀਤਾ ਗਿਆ।ਇਹ ਸੰਗੀਤ ਵਿਭਾਗ ਅਤੇ ਸਮੁੱਚੇ ਕਾਲਜ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ।ਇਹੋ ਜਿਹੇ ਉੱਚ ਕੋਟੀ ਦੇ ਸੰਗੀਤ ਕਾਰ ਨਾਲ ਸੰਗਤ ਕਰਨ ਦਾ ਵਿਦਿਆਰਥਣਾਂ ਨੂੰ ਸ਼ੁਭ ਅਵਸਰ ਪ੍ਰਾਪਤ ਹੋਇਆ ਹੈ।

## ਨਿਊਟ੍ਰੀਸ਼ਨ ਅਤੇ ਡਾਇਟੈਟਿਕਸ ਵਿਭਾਗ

- ਮਿਤੀ 1 ਤੋਂ 7 ਅਗਸਤ BREAST FEEDING DAY ਦੌਰਾਨ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ।
- 1 ਤੋਂ 7 ਸਤੰਬਰ ਵਿਭਾਗ ਵਿੱਚ ਕੌਮੀ ਪੋਸ਼ਣ ਹਫਤਾ ਮਨਾਇਆ ਗਿਆ।ਇਸ ਦੌਰਾਨ ਮਿਤੀ 2 ਅਤੇ 03 ਸਤੰਬਰ 2019 ਨੂੰ ਵਿਭਾਗ ਦੀਆਂ ਵਿਦਿਆਰਥਦਾਂ ਵੱਲੋਂ ਪੋਸ਼ਟਿਕ ਪਕਵਾਨ ਤਿਆਰ ਕਰਕੇ ਸਟਾਲ ਲਗਾਏ ਗਏ ਇਸੇ ਹੀ ਲੜੀ ਅਧੀਨ ਮਿਤੀ 05 ਸਤੰਬਰ 2019 ਨੂੰ ਕੁਕਿੰਗ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਵਿਭਾਗ ਦੀਆਂ ਐਮ.ਐਸ.ਸੀ. -1 ਦੀਆਂ ਵਿਦਿਆਰਥਣਾਂ ਨੇ ਘੱਟ ਖਰਚ ਸੰਤੁਲਿਤ ਭੋਜਨ ਤਿਆਰ ਕੀਤੇ।

## *ਸਟਾਫ ਦੀਆਂ ਪ੍ਰਾਪਤੀਆਂ*

### ਪ੍ਰੋ. ਚਰਨਜੀਤ ਕੌਰ (ਜੌਗਰਫੀ)

ਪ੍ਰੋ. ਚਰਨਜੀਤ ਕੌਰ ਨੇ ਖਾਲਸਾ ਕਾਲਜ ਪਟਿਆਲਾ ਵਿਖੇ ਮਿਤੀ 2-3 ਨਵੰਬਰ 2018 ਨੂੰ 19ਵੀਂ APG Meet and International conference on Sustainable Agriculture , food Security and Environment ਵਿੱਚ ਭਾਗ ਲਿਆ।

### ਪ੍ਰੋ. ਰਾਜਿੰਦਰ ਕੌਰ (ਸੰਗੀਤ ਗਾਇਨ)

- ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਬੋਰਡ ਆਫ ਪੋਸਟ ਗ੍ਰੈਜੂਏਟ ਸਟੱਡੀਜ਼ ਇਨ ਮਿਊਜਿਕ ਦਾ ਮੈਂਬਰ ਨਿਯੁਕਤ ਕੀਤਾ।
- ਮਿਤੀ 22 ਨਵੰਬਰ 2018 ਨੂੰ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਟੀਚਿਊਟ ਆਫ ਅਡਵਾਂਸ ਸਟੱਡੀਜ਼ ਇਨ ਸਿੱਖਇਜ਼ਿਮ ਬਹਾਦਰਗੜ੍ਹ ਪਟਿਆਲਾ ਵਿਖੇ ਸ਼੍ਰੀ ਗੁਰਸ਼ ਨਾਨਕ ਦੇਵ ਜੀ ਦੇ 550ਸਾਲਾ ਗੁਰਪੁਰਬ ਨੂੰ ਸਮਰਪਿਤ ਗੁਰੂ ਨਾਨਕ ਮਿਸ਼ਨ ਤੇ ਵਰਤਮਾਨ ਮਨੁੱਖੀ ਸਰੋਕਾਰ ਵਿਸ਼ੇ ਤਹਿਤ ਇੱਕ ਰੋਜਾਂ ਸੈਮੀਨਾਰ ਵਿੱਚ ਭਾਗ ਲਿਆ ਅਤੇ ਮਿਤੀ 2-3 ਨਵੰਬਰ 2018 ਨੂੰ ਖਾਲਸਾ ਕਾਲਜ ਪਟਿਆਲਾ ਵਿਖੇ ਕਾਰਵਾਈ ਗਈ 19ਨਵੀਂ APG ਇੰਟਰਨੈਸ਼ਨਲ ਕਾਨਫਰੰਸ ਵਿਸ਼ਾ ਫੂਡ ਸਕਿਓਰਟੀ ਐਂਡ ਐਨਵਾਇਰਨਮੈਂਟ ਵਿੱਚ ਭਾਗ ਲਿਆ।
- ਮਿਤੀ 29 ਜਨਵਰੀ 2019 ਨੂੰ ਮਾਤਾ ਸਾਹਿਬ ਕੌਰ ਖਾਲਸਾ ਗਰਲਜ਼ ਕਾਲਜ ਆਫ ਐਜੂਕੇਸ਼ਨ ਪਟਿਆਲਾ ਵਿਖੇ ਕਰਵਾਏ ਗਏ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਸਾਲਾ ਪ੍ਰਕਾਸ ਗੁਰਪੂਰਬ ਨੂੰ ਸਮਰਪਿਤ ਰਾਸ਼ਟਰੀ ਸੈਮੀਨਾਰ ਵਿਸ਼ਾ ਅਜੋਕੀ ਸਿੱਖਿਆ ਪ੍ਰਣਾਲੀ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਤਾਂ ਦੀ ਮਹੱਤਤਾ ਵਿੱਚ ਬਤੌਰ ਡੈਲੀਗੇਟ ਹਿੱਸਾ ਲਿਆ।
- ਮਿਤੀ 07 ਅਗਸਤ ਨੂੰ ''spic-macay" ਵੱਲੋਂ ਕਰਵਾਏ ਗਏ ਖਾਲਸਾ ਕਾਲਜ ਪਟਿਆਲਾ ਵਿਖੇ ਉਸਤਾਦ ਸ਼ਾਹਿਦ ਪਰਵੇਨ ਜੀ ਦੇ ਸਿਤਾਰ ਵਾਦਨ ਦੇ ਸ਼ਸਸਤਰੀਕਰਨ ਪ੍ਰੋਗਰਾਮ ਦਾ ਆਨੰਦ ਮਾਣਿਆ।ਮਿਤੀ 02-03 ਨਵੰਬਰ 2018 ਨੂੰ ਖਾਲਸਾ ਕਾਲ ਪਟਿਆਲਾ ਵਿਖੇ ਕਰਵਾਈ ਗਈ 19ਵੀਂ AGP ਇੰਟਰਨੈਸ਼ਨਲ ਕਾਨਫਰੰਸ ਵਿਸ਼ਾ ਫੂਡ ਸਕਿਓਰਟੀ ਐਂਡ ਇਨਵਾਇਰੈਨਮੈਂਟ ਵਿੱਚ ਭਾਗ ਲਿਆ।
- ਮਿਤੀ 17 ਨਵੰਬਰ 2018 ਨੂੰ ਗੁਰੂਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਲੁਧਿਆਣਾ ਵਿਖੇ ਕਰਵਾਏ ਗਏ '' 27ਵਾਂ ਅਦੁੱਤੀਹ ਗੁਰਮਤਿ ਸੰਗੀਤ ਸੰਮੇਲਨ ਵਿੱਚ ਰਾਗ ਨਿਰਧਾਰਿਤ ਸ਼ਬਦ ਗਾਇਨ ਪ੍ਰਸਤੁਤ ਕਰਕੇ ਸਨਮਾਨ ਕਰਕੇ ਸਨਮਾਨ ਸਿਰੋਪਾਓ ਪ੍ਰਾਪਤ ਕੀਤਾ।
- ਮਿਤੀ 15 ਜਨਵਰੀ 2019 ਨੂੰ ਗੁਰੂ ਨਾਨਕ ਸਰ ਕੁਟੀਆ ਪਟਿਆਲਾ ਵਿਖੇ ਕਰਵਾਏ ਗਏ '' ਗੁਰੈਭਗਤੀ ਸ਼ਬਦ ਜਾਪ 550 ਸਾਲਾ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ ਵਿੱਚ ਰਾਗ ਥਮਾਸਰੀਪ ਬਾਣੀ ਤੇ ਹੋਰ ਨਿਰਧਾਰਿਤ ਰਾਗਾਂ ਵਿੱਚ ਕੀਰਤਨ ਗਾਇਨ ਕਰਕੇ ਸਨਮਾਨ ਚਿੰਨ੍ਹ ਪ੍ਰਾਪਤ ਕੀਤਾ।
- ਪੰਜਾਬੀ ਯੂਨੀਗਰਸਿਟੀ ਪਟਿਆਲਾ ਵਿੱਚ ਲਗਾਏ ਗਏ (ਮਿਤੀ 21 ਤੋਂ 25 ਫਰਵਰੀ 2019) ਦੇ 'ਪੁਸਤਕ ਮੇਲਾ ਪਬਦਰਸ਼ਨੀ ' ਵਿੱਚ ਸਸ਼ਮੂਲੀਅਤ ਕਰਕੇ ਸ਼੍ਰੀਮਤੀ ਤੇ ਖਾਸ ਵਿਸ਼ੇਸ਼ ਕਿਤਾਬਾਂ ਦਾ ਭਾਗ ਲਿਆ।
  ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਖਾਲਸਾ ਕਾਲਜ ਪਟਿਆਲਾ ਵਿਖੇ ਮਿਤੀ 07-08 ਮਾਰਚ 2019 ਨੂੰ ਕਰਵਾਈ ਗਈ '' ਗਲੋਬਲ ਪੰਜਾਬੀ ਕਾਨਫਰੰਸ '' ਵਿੱਚ ਭਾਗ ਲਿਆ।
- ਮਿਤੀ 09.03.2019 ਨੂੰ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਵਿਖੇ ਕਰਵਾਏ ਗਏ ਇੱਕ ਰੋਜਾਂ ਰਾਸ਼ਟਰੀ ਸੈਮੀਨਾਰ ਵਿਸ਼ਾ:- State , Society and Security L An Indian Perspective ਵਿੱਚ ਬਤੌਰ ਡੈਲੀਗੇਟ ਭਾਗ ਲਿਆ।

### ਡਾ.ਤੇਜਿੰਦਰ ਕੌਰ (ਡਾਇਟ ਐਂਡ ਨਿਊਟ੍ਰੀਸ਼ਨ)

- ਡਾ. ਤੇਜਿੰਦਰ ਕੌਰ (ਪ੍ਰੋ. ਡਾਇਟ ਐਂਡ ਨਿਊਟ੍ਰੀਸ਼ਨ )_ਨੂੰ **ਫੈਕਲਟੀ ਆਫ ਲਾਈਫ ਸਾਇੰਸਜ਼, ਪੰਜਾਬੀ ਯੂਨੀਵਰਸਿਟੀ ਵੱਲੋਂ ਅੰਡਰ ਗਰੈਜੂਏਟ ਇਨ ਹੋਮ ਸਾਂ**ਇੰਸ ਅਤੇ ਪੀ.ਜੀ. ਇਨ ਫੂਡ ਐਂਡ ਨਿਊਟ੍ਰੀਸ਼ਨ ਅਤੇ ਖਾਲਸਾ ਕਾਲਜ ਪਟਿਆਲਾ (ਆਟੋਨਾਮਸ ਕਾਲਜ) ਦੇ ਫੂਡ ਪ੍ਰੋਸੈਸਿੰਗ ਐਂਡ ਇੰਜੀਨੀਅਰਰਿੰਗ ਦੇ ਮੈਂਬਰ ਹਨ।
- ਆਪ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡੀਨ ਵਿਕਾਸ ਕੌਂਸਲ ਵੱਲੋਂ ਗੁਰੂ ਗੋਬਿੰਦ ਸਿੰਘ ਕਾਲਜ ਸੰਘੇੜਾ ਬਰਨਾਲਾ ਵਿਖੇ ਬਤੌਰ ਵਿਸ਼ਾ ਮਾਹਿਰ ਭੇਜਿਆ ਗਿਆ।
- ਆਪ ਨੂੰ ਮਿਤੀ 04.06ੀ2019 ਨੂੰ ਪੰਜਾਬੀ ਯੂਲੀਵਰਸਿਟੀ, ਪਟਿਆਲਾ ਵੱਲੋਂ ਤਪਾ ਅਗਰੀਆ ਹੇਮ ਕੁੰਵਰ ਰਸਿਕ ਲਾਲਾ ਘਾਰੀਵਾਲ ਗਰਲਜ਼ ਕਾਲਜ ਵਿਖੇ (ਐਮ.ਐਸਸੀ. ਇੰਨ ਫੈਸ਼ਨ ਡਿਜਾਇਨਿਗ ਅਤੇ ਟੈਕਨਾਲੋਜੀ ਨਵਾਂ ਕੋਰਸ ਸ਼ੁਰੂ ਕਰਨ ਲਈ ਇੰਸਪੈਕਸ਼ਨ ਕਮੇਟੀ ਦਾ ਮੈਂਬਰ ਨਿਯੁਕਤ ਕਰਕੇ ਭੇਜਿਆ ਗਿਆ।
- ਆਪ ਨੇ 01.08.2019 ਨੂੰ ਮਾਤਾ ਸੁੰਦਰੀ ਕਾਲਜ ਫੱਡੇ,(ਬਠਿੰਡਾ) ਮਿਤੀ 06.08.2019 ਨੂ ਸ਼੍ਰੀ ਲਾਲ ਬਹਾਦੁਰ ਸ਼ਾਸ਼ਤਰੀ ਆਰਿਆ ਮਹਿਲਾ ਕਾਲਜ ਬਰਨਾਲਾ ਅਤੇ ਮਿਤੀ 13.08.2019 ਨੂੰ ਖਾਲਸਾ ਕਾਲਜ ਸੰਦੌੜ ਵਿਖੇ ਅਸਿਸਟੈਂਟ ਪ੍ਰੋਫੈਸਰ ਦੀ ਅਸਾਮੀ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਵਿਸ਼ਾ ਮਾਹਿਰ ਭੂਮਿਕਾ ਨਿਭਾਈ।

### ਪ੍ਰੋ. ਹਰਤੇਜ ਕੌਰ (ਅੰਗ੍ਰੇਜ਼ੀ)

- ਸ਼੍ਰੀ ਪ੍ਰੇਮ ਪ੍ਰਕਾਸ਼ ਵੱਲੋਂ ਲਿਖਿਤ ਦੋ ਕਹਾਣੀਆਂ - ''ਮੈਡਮ '' ਅਤੇ ''ਟੈਲੀਫੋਨ'' ਦਾ ਪੰਜਾਬੀ ਤੋਂ ਅੰਗ੍ਰੇਜ਼ੀ ਵਿੱਓ ਅਨੁਵਾਦ ਕੀਤਾ ਅਤੇ ਸਾਹਿਤ ਅਕਾਦਮੀ ਦਿੱਲੀ ਵੱਲੋਂ ਪ੍ਰਕਾਸ਼ਿਤ ਉਹਨਾਂ ਦੇ ਕਹਾਣੀ ਸੰਗ੍ਰਹਿ '' ਛਰਠਕਵੀਜਅਪ ਓਅਤਬਰਾਕਅ ਵਰਰ'' ਵਿੱਚ ਛਾਪੀਆਂ ਗਈਆਂ।
- ਅਕਾਲ ਡਿਗਰੀ ਕਾਲਜ ਮਸਤੂਆਣਾ ਵੱਨੋਂ ਅੰਗ੍ਰੇਜ਼ੀ ਦੀ ਅਸਾਮੀ ਲਈ ਇੰਟਰਵਿਊ ਵਿੱਚ ਬਤੌਰ ਡੀਪੀਆਈ ਨੋਮਿਨੀ ਸਰਬਜੈਕਟ ਐਕਸਪਰਟ ਭੂਮਿਕਾ ਨਿਭਾਈ।
- ਯਾਦਵਿੰਦਰਾ ਪਬਲਿਕ ਸਕੂਲ ਵਿੱਚ ਹੋਏ ਡਿਬੇਟ ਮੁਕਾਬਲੇ ਓਿੱਚ ਜੱਜ ਦੀ ਭੂਮਿਕਾ ਨਿਭਾਈ।

### ਡਾ. ਬਲਵਿੰਦਰ ਕੌਰ( ਹੋਮ ਸਾਂਇੰਸ)

- ਆਪ ਦੇ ਦੋ ਖੋਜ ਪੱਤਰ 1) A study on environmental awareness among college students and how gender and social class affect public opinion on social inequlity" ਨਵੰਬਰ 2019 ਵਿੱਚ ਅੰਤਰਰਾਸ਼ਟਰੀ ਜਨਰਲ (ISSN2250-3153) ਵਿੱਚ ਪ੍ਰਕਾਸ਼ਿਤ ਹੋਏ।
- ਆਪ ਦੀ ਇੱਕ ਹਵਾਲਾ ਪੁਸਤਕ (ਰੈਫਰੈਂਸ ਬੁੱਕ) "Nutritional status of Pregnant women during last trimester belonging (ISBN978-93-89673-02-9) ਪ੍ਰਕਾਸ਼ਿਤ ਹੋਈ।
- ਨਵੰਬਰ 2019 ਵਿੱਚ ਸਾਊਥ ਏਸ਼ੀਅਨ ਹਿਸਟਰੀ ਕਾਨਫਰੰਸ ਵਿੱਚ ਆਪ ਨੇ ਇੱਕ ਖੋਜ਼ ਪੱਤਰ " Trade history spices and religion on the silk road " ਪ੍ਰਸਤੁਤ ਕੀਤਾ।

### ਡਾ. ਪ੍ਰੀਤਇੰਦਰ ਕੌਰ (ਸੰਗੀਤ ਵਾਦਨ)

ਗੁਰਮਤਿ ਕਾਲਜ ਵਿਖੇ ਮਿਤੀ 20 ਅਗਸਤ 2019 ਤੋਂ 26 ਅਗਸਤ 2019 ਤੱਕ ਸੱਤ ਰੋਜਾ ਵਰਕਸ਼ਾਪ ਲਗਾਈ ਅਤੇ ਰਿੱਰਸਪਰਸਨ ਵਜੋਂ ਭੂਮਿਕਾ ਨਿਭਾਈ।

### ਡਾ. ਪੁਸ਼ਪਿੰਦਰ ਸਰੋਆ(ਡਾਂਸ)

ਆਪ ਦੇ ਅਧੀਨ ਇੱਕ ਵਿਦਿਆਰਥਣ ਪੀ.ਐਚ .ਡੀ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਐਨਰੋਲ ਹੋਈ।

### ਡਾ. ਜਗਮੋਹਨ ਸ਼ਰਮਾ(ਸੰਗੀਤ ਵਾਦਨ)

- ਡਾ. ਜਗਮੋਹਨ ਸ਼ਰਮਾ ਨੇ ਮਿਤੀ 16 ਅਤੇ 17 ਨਵੰਬਰ 2019 ਨੂੰ Development of culture , ministry of Human Resource Development , Govt. of India ਦੇ ਸਹਿਯੋਗ ਨਾਲ NAAD Nartan ਸੰਸਥਾ ਵੱਲੋਂ India International Annexe, New Delhi ਵਿਖੇ "Trends & Transitions of Indian Music since

19th Century onwards" ਵਿਸ਼ੇ ਤੇ ਕਰਵਾਏ ਗਏ ਦੋ ਰੋਜਾ ਨੈਸ਼ਨਲ ਸੈਮੀਨਾਰ ਵਿੱਚ ਟੈਕਨੀਕਲ ਸੈਸ਼ਨ -2 ਦੇ ਚੇਅਰਪਰਸਨ ਵਜੋਂ ਸ਼ਿਰਕਤ ਕੀਤੀ। ਇਸ ਸੈਮੀਨਾਰ ਉੱਓ ਦੇਸ਼ ਦੀਆਂ ਉੱਘੀਆਂ ਸਖਸ਼ੀਅਤਾਂ ਨੇ ਭਾਕ ਲਿਆ।

- ਇਸ ਕਾਲਜ ਲਈ ਬੜੇ ਹੀ ਮਾਣ ਦੀ ਗੱਲ ਹੈ ਕਿ ਇਹਨਾਂ ਅਧੀਨ 7 ਵਿਦਿਆਰਥੀ ਪੀ.ਐਚ.ਡੀ ਕਰ ਚੱਕੇ ਹਨ ਅਤੇ ਹੋਰ 7 ਖੋਜਾਰਥੀ ਇਹਨਾਂ ਅਧੀਨ ਖੋਜ਼ ਕਾਰਜ ਕਰ ਰਹੇ ਹਨ।ਇਸ ਤੋਂ ਇਲਾਵਾ ਇਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ '' ਆਰਟ ਐਂਡ ਕਲਚਰ ਫੈਕਲਟੀ '' ਦੀ ਰਿਸਰਚ ਅਵਾਰਡ ਕਮੇਟੀ , ਮੋਡਰੇਸ਼ ਨਕਮੇਟੀ ਅਤੇ ਸੰਗੀਤ ਵਿਭਾਗ ਵੱਲੋਂ ਖੋਜ਼ ਦੇ ਸਬੰਧ ਵਿੱਚ ਕਰਵਾਏ ਜਾਂਦੇ ਸਲਾਨਾ ਸਮੀਨਾਰਾਂ ਵਿੱਚ ਬਤਯਰ ਮੈਂਬਰ ਹਿੱਸਾ ਲੈਂਦੇ ਰਹੇ ਹਨ।
- ਡਾ. ਜਗਮੋਹਨ ਸ਼ਰਮਾ ਨੂੰ ਪ੍ਰਤਿਭਾ ਸੰਪਾਦਨ ਵੱਲੋਂ ''Hill Quest : Multidisiplinary , National peer – reviewed journal" ਦਾ ਐਸੋਸੀਏਟ ਐਡੀਟਰ ਨਾਮਜਦ ਕੀਤਾ ਗਿਆ।
- ਆਪ ਨੇ ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ ਸ਼ਿਮਲਾ, ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ , ਖਾਲਸਾ ਕਾਲਜ, ਪਟਿਆਲਾ ਅਤੇ ਸ਼੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ਼੍ਰੀ ਆਨੰਦਪੁਰ ਸਾਹਿਬ ਵਿਖੇ ਅੰਡਰ ਗਰੈਜੂਏਟ ਅਤੇ ਪੋਸਟ ਗਰੈਜੂਏਟ ਬੋਰਡ ਆਫ ਸਟੱਡੀਜ਼ ਇਨ ਮਿਊਜ਼ਿਕ ਦੇ ਮੈਂਬਰ ਹਨ। ਕੁਰਕਸ਼ੇਤਰ ਯੂਨੀਵਰਸਿਟੀ ਵੱਲੋਂ ਵੀ ਅੰਡਰ ਗਰੈਜੂਏਟ ਬੋਰਡ ਆਫ ਸਟੱਡੀਜ਼ ਇਨ ਮਿਊਜ਼ਿਕ ਐਂਡ ਡਾਂਸ ਵਿੱਚ ਦੋ ਸਾਲਾਂ ਲਈ '' External Expert Representative ਨਿਯੁਕਤ ਕੀਤਾ ਗਿਆ।
- ਆਪ SVEEP (System Voters Education and Electoral Participation ) ਦੇ ਨੋਡਲ ਅਫਸਰ ਹਨ।
- ਆਪ ਨੇ ਬਤੌਰ ਜੱਜ ਜ਼ੋਨਲ ਅਤੇ ਨੈਸ਼ਨਲ ਲੈਵਲ ਦੇ ਯੂਥ ਫੈਸਟੀਵਲ ਵਿੱਚ ਹਿਮਾਚਲ ਪੰਦੇਸ਼ ਯੂਨੀਵਰਸਿਟੀ ਸ਼ਿਮਲਾ ਦੇ ਸਰਕਾਰੀ ਕਾਲਜ -ਸੀਮਾ (ਰੋਹੜੂ), ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ : ਅੰਬਾਲਾ , ਦੇਗਸਥਲੀ, ਸਿਢੋਰਾ ਪਿਹੋਵਾ, ਆਈ. ਕੇ. ਗੁਜਰਾਲ ਪੰਜਾਬ ਟੈਕਮਨੀਕਲ ਯੂਨੀਵਰਸਿਟੀ ਜਲੰਧਰ ਵੱਲੋਂ : ਘਟੋਰ (ਖਰੜ) ਅਤੇ ਕਪੂਰਥਲਾ ਵਿਖੇ ਭੂਮਿਕਾ ਨਿਭਾਈ।

**ਡਾ. ਪਰਮਜੀਤ ਕੌਰ (ਸਾਈਕਾਲੋਜੀ)**

ਆਪ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਬੋਰਡ ਆਫ ਸਟੱਡੀਜ਼ ਇਨ ਸਾਈਕਾਲੋਜੀ ਦੇ ਮੈਂਬਰ ਨਿਯੁਕਤ ਕੀਤਾ ਗਿਆ।

**ਪ੍ਰੋ. ਕੰਵਲਜੀਤ ਕੌਰ (ਪੰਜਾਬੀ)**

ਮਿਤੀ 1.11.2019 ਨੂੰ ਭਾਸ਼ਾ ਵਿਭਾਗ ਵਿਖੇ ਪੰਜਾਬ ਦਿਵਸ ਦੇ ਰਾਜ ਪੱਧਰੀ ਸਮਾਗਮ ਵਿੱਚ ਬਤੌਰ ਡੈਲੀਗੇਟ ਸ਼ਿਰਕਤ ਕੀਤੀ।

ਮਿਤੀ 27.08.2019 ਨੂੰ ਸੰਦੋੜ ਕਾਲਜ ਦੀ ਪੰਜਾਬੀ ਵਿਸ਼ੇ ਦੀ ਅਤੇ 24.06.2019 ਨੂੰ ਗੁਰਮਤਿ ਕਾਲਜ ਦੀ ਰਿਲੀਜ਼ਨ ਸਟੱਡੀਜ਼ ਦੇ ਇੰਟਰਵਿਊ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਬਤੌਰ ਵਿਸ਼ਾ ਮਾਹਿਰ ਗਏ।

ਮਿਤੀ 09.09.2019 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਵਾਤਾਵਰਣ ਨੂੰ ਬਚਾਉਣ ਤੇ ਪਰਾਲੀ ਨਾ ਸਾੜਨ ਵਿਰੁੱਧ ਟ੍ਰੇਨਿੰਗ ਵਰਕਸ਼ਾਪ ਵਿੱਚ ਭਾਗ ਲਿਆ।ਮਿਤੀ 14.02.2020 ਨੂੰ ਪੰਜਾਬੀ ਭਾਸ਼ਾ ਤੇ ਸਭਿਆਚਾਰ ਉਤਸਵ ਉੱਚ ਮਾਤ ਭਾਸ਼ਾ ਦੇ ਵਿਕਾਸ ਸਬੰਧੀ ਸੈਮੀਨਾਰ ਵਿੱਚ ਭਾਗ ਲਿਆ।

**ਪ੍ਰੋ. ਸੋਨੀਆ(ਅੰਗ੍ਰੇਜ਼ੀ)**

ਮਿਤੀ 07.11.2019 ਨੂੰ ਸਰਕਾਰੀ ਕਾਲਜ ਰੋਪੜ ਵਿਖੇ '' Rights of women and gender Equality '' ਤੇ ਲੈਕਚਰ ਦਿੱਤਾ।28.02.2019 ਨੂੰ ਸੰਤ ਬਾਬਾ ਹਰਭਜਨ ਸਿੰਘ ਜੀ ਦੇ ਬਿਰਧ ਆਸ਼ਰਮ ਰੋਪੜ ਵਿਖੇ '' Rights of Senior Citizens '' ਤੇ ਲੈਕਚਰ ਦਿੱਤਾ।

ਮਿਤੀ 09.12.2019 ਨੂੰ ਫੰਕਸ਼ਨਲ ਇੰਗਲਿਸ਼ , ਬੀਏ ਭਾਗ ਤੀਜਾ ਦੀਆਂ ਵਿਦਿਆਰਥਣਾਂ ਨੂੰ ਚੜਦੀਕਲਾ ਟਾਇ.ਮ ਟੀਵੀ ਪਟਿਆਲਾ ਵਿਖੇ ਲੈਕੇ ਗਏ ਅਤੇ ਉਹਨਾਂ ਨੂੰ ਟੀਵੀ ਸਟੇਸ਼ਨ ਦੀ ਵਰਕਿੰਗ ਨਾਲ ਜਾਣੂ ਕਰਵਾਇਆ।

ਮਿਤੀ 08.12.2018 ਨੂੰ ਰਾਸ਼ਟਰੀ ਲੋਕ ਅਦਾਲਤ ਵਿੱਚ ਮੈਂਬਰ ਵਜੋਂ ਭਾਗ ਲਿਆ।ਮਿਤੀ 11.02.2020 ਨੂੰ ਅਕਾਲ ਡਿਗਰੀ ਕਾਲਜ ਫਾਰ ਵੂਮਨ ਸੰਗਰੂਰ ਵਿਖੇ BVC ਪ੍ਰੋਗਰਾਮ ਲਈ ਸਟੇਟ ਹਾਇਰ ਐਜੂਕੇਸ਼ਨ ਫਾਰ ਵੂਮਨ ਐਂਡ ਕੋਆਰਡੀਨੇਸ਼ਨ ਲਈ ਡੀਪੀ ਆਈ ਦੇ ਨੁਮਾਇੰਦੇ ਦੇ ਤੌਰ ਤੇ ਨਿਯੁਕਤੀ ਹੋਈ।

**ਪ੍ਰੋ. ਨੀਤਾ ਮੈਨਰੋ(ਅੰਗ੍ਰੇਜ਼ੀ)**

ਪੰਜਾਬੀ ਯੂਨੀਵਰਸਿਨਟੀ , ਪਟਿਆਲਾ ਵੱਲੋਂ ਮੈਂਬਰ ਫੈਕਲਟੀ ਆਫ ਸਟੱਡੀਜ਼ (ਅੰਡਰ ਗਰੈਜੂਏਟ) ਅਤੇ ਮੈਂਬਰ ਫੈਕਲਟੀ ਆਫ ਲੈਂਗਏਜਿਜ਼ ਨਿਯੁਕਤ ਕੀਤਾ ਗਿਆ।

**ਡਾ. ਨਵਦੀਪ ਕਹੋਲ (ਅੰਗ੍ਰੇਜ਼ੀ)**

ਆਪ ਨੇ ਮਿਤੀ 30.09.2019 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਨੈਕ ਵਰਕਸ਼ਾਪ ਅਟੈਂਡ ਕੀਤੀ।ਰਿਸਰਚ ਪੇਪਰ '' Wandering texts, overlapping identities A study in Expatriate Iranian Women's Memouew " ਇੰਟਰਨੈਸ਼ਨਲ ਜਰਨਲ Gnosis ਵਿੱਚ ਪਬਲੀਕੇਸ਼ਨ ਲਈ ਸਵੀਕਾਰ ਹੋਇਆ। (27.12.2019)।ਫਰਵਰੀ 2020 ਵਿੱਚ ਇਕ ਰਿਸਰਚ ਪੇਪਰ '' Pushing the boundaries of Real : Dystopian World of the Queuee " ਵਿੱਚ ਇੰਟਰਨੈਸ਼ਨਲ ਜਰਨਲ Mejo ਵਿੱਚ ਛਪਿਆ।ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਹੋਈ ਤਿੰਨ ਰੋਜਾ ਵਰਕਸ਼ਾਪ ਵਿੱਚ ਪੇਪਰ ਪ੍ਰਸਤੁਤ ਕੀਤਾ।

**ਪ੍ਰੋ. ਹਰਪ੍ਰੀਤ ਕੌਰ (ਅੰਗੇਜ਼ੀ)**

ਆਪ ਨੇ 28 ਮਾਰਚ 2019 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਅੰਗ੍ਰੇਜ਼ੀ ਵਿਭਾਗ ਵੱਲੋਂ ਆਯੋਜਿਤ 'ਪ੍ਰੋਫੈਸਰ ਬੀਆਰ ਮੈਮੋਰੀਅਲ ਲੈਕਚਰ – '' ਐਸਥੈਟਿਕਸ , ਲਿਟਰੇਚਰ ਐਂਡ ਮੋਰੈਲਟੀ '' ਵਿੱਚ ਬਤੌਰ ਡੈਲੀਗੇਟ ਸ਼ਮੂਲੀਅਤ ਕੀਤੀ।
16 ਅਪ੍ਰੈਲ 2019 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਅੰਗ੍ਰੇਜ਼ੀ ਵਿਭਾਗ ਵੱਲੋਂ ਆਯੋਜਿਤ ਹੋਇਆ '' ਨੈਸ਼ਨਲ ਸੈਮੀਨਾਰ –ਨਾਨਕ ਐਨ ਇਲਯੁਮਾਈਨਡ ਲਾਈਫ'' ਵਿੱਚ ਬਤੌਰ ਡੈਲੀਗੇਟ ਸ਼ਮੂਲੀਅਤ ਕੀਤੀ।
11 ਫਰਵਰੀ 2020 ਵਿਖੇ ਮੋਹਿੰਦਰਾ ਕਾਲਜ ਵਿਖੇ ਲੈਕਚਰ ਦਿੱਤਾ।ਮਿਤੀ 28 ਮਾਰਚ 2019 ਅਤੇ 16 ਅਪ੍ਰੈਲ 2019 ਨੂੰ ਪੰਜਾਬੀ ਯੂਨੀਗਵਰਸਿਟੀ, ਪਟਿਆਲਾ ਵਿਖੇ ਅ੍ਰਗ੍ਰੇਜ਼ੀ ਵਿਭਾਗ ਵੱਨੋਂ ਕ੍ਰਮਵਾਰ ਆਯੋਜਿਤ ਪ੍ਰੋਫੈਸਰ ਬੀ.ਆਰ ਮੈਮੋਰੀਅਲ ਲੈਕਚਰ(ਐਸਥੈਟਿਕਸ, ਲਿਟਰੇਚਰ ਐਂਡ ਮੋਰੈਲਟੀ ) ਅਤੇ ਨਾਨਕ ਐਂਡ ਇਲਯੂਮੀਨਾਈਡ ਲਾਈਫ , ਨੈਸ਼ਨਲ ਸੈਮੀਨਾਰ ਵਿੱਚ ਬਤੌਰ ਡੈਲੀਗੇਟ ਸ਼ਿਰਕਤ ਕੀਤੀ।
11 ਫਰਵਰੀ 2020 ਨੂੰ ਮਹਿੰਦਰਾ ਕਾਲਜ ਵਿਖੇ ਆਯੋਜਿਤ ਲੈਕਚਰ , ਪੋਸਟਮੋਡਰਨੀਜ਼ਮ ਐਂਡ ਇਟਸ ਟਰੈਂਡਸ ਵਿੱਚ ਸ਼ਿਰਕਤ ਕੀਤੀ।

**ਪ੍ਰੋ. ਨੀਰੂ ਸੂਰੀ**

ਪ੍ਰੋ. ਨੀਰੂ ਸੂਰੀ ਨੂੰ ਪੰਜਾਬੀ ਯੂਲੀਵਰਸਿਟੀ ਪਟਿਆਲਾ ਦੇ ਬੋਰਡ ਆਫ ਸਟੱਡੀਜ਼ ਦੇ ਪੋਸਟ ਗਰੈਜੂਏਟ ਤੇ ਅੰਡਰ ਗਰੈਜੂਹੇਟ ਦੇ ਮੈਂਬਰ ਹਨ।

**ਡਾ. ਕੁਲਵਿੰਦਰ ਕੌਰ (ਡਾਂਸ)**

ਆਪ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਮੈਂਬਰ ਬੋਰਡ ਆਫ ਸਟੱਡੀਜ਼ ਬਣੇ।ਆਪ ਦੇ ਅਧੀਨ ਦੋ ਖੋਜਾਰਥੀ ਪੰਜਾਬਪੀ ਯੂਨੀਵਰਸਿਟੀ ਪਟਿਆਲਾ ਤੋਂ ਪੀ.ਐਚ.ਡੀ. ਲਈ ਐਨਰੋਲ ਹੋਏ।ਆਪ ਨੇ ਡੀਏ ਕਾਲਜ ਸਡੌਰਾ , ਅੰਬਾਲਾ(ਕੁਰਕਸ਼ੇਤਰ ਯੂਨੀਵਰਸਿਟੀ , ਡੀ.ਏ.ਵੀ ਕਾਲਜ ਮੁਰਲੀਧਰ ਪਹੇਵਾ, ਸ਼੍ਰੀ ਗੁਰੂ ਗੋਬਿੰਦ ਸਿੰਘ ਕਾਲਜ ਬੇਗਪੁਰ ਕਮਲੂਹ ਮੁਕੇਰੀਆਂ, ਕਾਲਜ ਆਫ ਇੰਜੀਨੀਅਰਿੰਗ ਅਤੇ ਅਪਲਾਈਡ ਰਿਸਰਚ ਪਿੰਡ ਮਿੱਠਾਪੁਰ ਦੇਵਸਥਲੀ, ਅੰਬਰਾਲਾ, ਗੁਰੂ ਨਾਨਕ ਕਾਲਜ ਮੁਕਤਸਰ(ਪੰਜਾਬ ਯੂਨੀਵਰਸਿਟੀ ਚੰਡੀਗੜ੍ਹ), ਗੁਰੂ ਨਾਨਕ ਕਾਲਜ ਦੋਰਾਹਾ (ਇੰਟਰ ਜ਼ੋਨਲ ਯੂਥ ਫੈਸਟੀਵਲ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ) ਵਿਖੇ ਹੋਏ ਯੁਵਕ ਮੇਲਿਆਂ ਵਿੱਚ ਬਤੌਰ ਜੱਜ ਦੀ ਭੂਮਿਕਾ ਨਿਭਾਈ।

**ਪ੍ਰੋ. ਪੰਕਜ ਕਪੂਰ**

ਪ੍ਰੋ. ਪੰਕਜ ਕਪੂਰ ਦੀ ਅੰਗ੍ਰੇਜ਼ੀ ਕਵਿਤਾਵਾਂ ਤੇ ਇੱਕ ਕਿਤਾਬ '' Beyond I '' ਪ੍ਰਕਾਸ਼ਿਤ ਹੋਈ।

**ਡਾ. ਸੀਮਾ ਸ਼ਰਮਾ**

ਸਵਤੰਤਰਤਾ ਦਿਵਸ ਮੌਕੇ ਤੇ ਡਾਂਸ ਵਿਭਾ ਦੇ ਪ੍ਰੋ. ਡਾ. ਸੀਮਾ ਸ਼ਰਮਾ ਨੇ ਵਾਈਟ ਹਾਊਸ ਇੰਟਰਨੈਸ਼ਨਲ ਦਬਆਰਾ ਨਿਰਦੇਸ਼ਤ ਦੇਸ਼ ਭਗਤੀ ਦੇ ਗੀਤ ਵਿੱਚ ਪ੍ਰਸਿੱਧ ਬਾਲੀਵੁੱਡ ਗਾਇਕਾਂ ਅਤੇ ਨ੍ਰਿਤਕਾਰਾਂ ਨਾਲ ਪੇਸ਼ਕਾਰੀ ਕੀਤੀ ਜ਼ੋ ਕਿ IRD-Grid Channel Youtube ਤੇ ਪ੍ਰਸਾਰਿਤ ਹੋਇਆ।

ਅੰਤਰ ਰਾਸ਼ਟਰੀ (8 ਮਾਰਚ ) ਮਹਿਲਾ ਦਿਵਸ ਦੇ ਮੌਕੇ ਤੇ ਕਾਲਜ ਵਿੱਚ ਕਲਾ ਕ੍ਰਿਤੀ , ਪਟਿਆਲਾ ਦਬਆਰਾ ਆਯੋਜਿਤ ਕੀਤੇ ਪ੍ਰੋਗਰਾਮ ਵਿੱਚ ਡਾ.ਸੀਮਾ ਸ਼ਰਮਾ ਅਤੇ ਡਾ. ਕੁਲਵਿੰਦਰ ਕੌਰ ਦੁਆਰਾ ਨ੍ਰਿਤ ਦੀ ਪੇਸ਼ਕਾਰੀ ਦਿੱਤੀ ਗਈ।

## ਪ੍ਰੋ. ਰੀਤਿਕਾ ਅਗਨੀਹੋਤਰੀ (ਅੰਗ੍ਰੇਜ਼ੀ)

ਯੂ.ਜੀ.ਸੀ. ਤੋਂ ਮਾਨਤਾ ਪ੍ਰਾਪਤ ਲਿਟਰੇਰੀ Voice journal ਵਿੱਚ ਆਪ ਦਾ ਇੱਕ ਖੋਜ਼ ਪੱਤਰ Self writing and self Identification: An Analysis of Sister Jesme's Amen : The Autobiography of a nun ਮਾਰਚ 2019 ਵਿੱਚ ਪ੍ਰਕਾਸ਼ਿਤ ਹੋਇਆ।ਆਪ ਨੇ ਜੂਨ 2019 ਵਿੱਚ NET ਕਲੀਅਰ ਕੀਤਾ।ਜਨਵਰੀ 2020 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ Ph.D ਮੁਕੰਮਲ ਕਰਕੇ Thesis ਜਮਾਂ ਕਰਵਾਇਆ।

## ਪ੍ਰੋ. ਓਮਨਦੀਪ ਸ਼ਰਮਾ (ਸੰਸਕ੍ਰਿਤ)

- ਆਪ ਨੇ 20 ਮਾਰਚ 2019 ਸਨਾਤਨ ਧਰਮ ਸੰਸਕ੍ਰਿਤ ਕਾਲਜ ਵਿੱਚ ਗੀਤਾ ਅਤੇ ਮਨੋਵਿਗਿਆਨ ਵਿਸ਼ੇ ਤੇ ਪੇਪਰ ਪੜ੍ਹਿਆ।
- ਮਾਰਚ 2019 , ਬਾਲਮੀਕੀ ਚੇਅਰ , ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਛਪੀ ਪੁਸਤਕ ਵਿੱਚ ਭਾਗ ਲਿਆ।
- 22 ਮਾਰਚ ਤੋਂ 29 ਮਾਰਚ 2019 ਸੰਸਕ੍ਰਿਤ ਵਿਭਾਗ ਪੰਜਾਬੀ ਯੂਨੀ , ਪਟਿਆਲਾ ਵਿੱਚ ਭਾਗ ਲਿਆ।
- 27 ਅਪ੍ਰੈਲ 2019 ਖਾਲਸਾ ਕਾਲਜ, ਪਟਿਆਲਾਵਿਖੇ ਸੰਸਕ੍ਰਿਤ ਅਤੇ ਸਿੱਖ ਸਾਹਿਤ ਵਿਸ਼ੇ ਤੇ ਪੇਪਰ ਪੇਸ਼ ਕੀਤਾ।

## ❖ ਖੇਡ ਪ੍ਰਾਪਤੀਆਂ

- ਬੀਏ ਦੂਜਾ ਦੀ ਵਿਦਿਆਰਥਣ ਰੀਚਾ ਰੋਲ ਨੰਬਰ 1820 ਨੇ ਪਾਨੀਪਤ ਵਿਖੇ ਹੋਈ ਓਪਨ ਨੈਸ਼ਨਲ ਤਾਇਕਵਾਂਡੋ ਵਿੱਚ ਸਿਲਵਰ ਮੈਡਲ ਪ੍ਰਾਪਤ ਕੀਤਾ ਅਤੇ ਸੀਨੀਅਰ ਸਟੇਟ ਵਿੱਚ ਜ਼ੋ ਕਿ ਜਲੰਧਰ ਵਿਖੇ ਹੋਈ, ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ।
- 03 ਤੋਂ 05 ਸਤੰਬਰ 2019 ਨੂੰ (ਮੋਦੀ ਕਾਲਜ ਵਿੱਚ ਬਾਕਸਿੰਗ ਦੇ ਅੰਤਰ ਕਾਲਜ ਮੁਕਾਬਲਿਆਂ ਵਿੱਚ ਜ਼ਸਪ੍ਰੀਤ ਕੌਰ (ਬੀਏ ਤੀਜਾ) ਰੋਲ ਨੰਬਰ 3447 ਅਤੇ ਕੋਮਲਪ੍ਰੀਤ (ਬੀਏ ਤੀਜਾ ਰੋਲ ਨੰਬਰ 3070 ਨੇ ਕਾਂਸੀ ਦਾ ਤਮਗਾ ਜਿੱਤਿਆ।
- 20-21 ਸਤੰਬਰ 2019 ਨੂੰ ਪੰਜਾਬੀ ਯੂਨੀਵਰਸਿਟੀ ਵਿਖੇ ਹੋਏ ਵੁਸ਼ੂ ਦੇ ਅੰਤਰ ਕਾਲਜ ਮੁਕਾਬਲੇ ਵਿੱਚ ਜ਼ਸਪ੍ਰੀਤ ਕੌਰ ਨੇ ਓਪਨ ਸਟੇਟ ਜ਼ੋ ਕਿ 21 ਤੋਂ 22 ਨਵੰਬਰ 2019 ਵਿੱਚ ਮਾਨਸਾ ਵਿਖੇ ਹੋਈ , ਵਿੱਚ ਸਿਲਵਰ ਮੈਡਲ ਹਾਸਿਲ ਕੀਤਾ ਅਤੇ ਕੋਮਲਪ੍ਰੀਤ ਕੌਰ ਨੇ ਕਾਂਸੀ ਦਾ ਤਮਗਾ ਹਾਸਿਲ ਕੀਤਾ।ਸੁਖਮਨ ਬੀਏ -3 ਨੇ ਸੀਨੀਅਰ ਸਟੇਟ ਤਾਇਕਵਾਂਡੋ ਵਿੱਚ ਜ਼ੋ ਕਿ ਰੋਪੜ ਵਿਖੇ ਹੋਈ ਵਿੱਚ ਤੀਜਾ ਸਥਾਨ ਹਾਸਿਲ ਕੀਤਾ

## ❖ *ਐਨ.ਸੀ.ਸੀ.*

- ਐਨ.ਸੀ.ਸੀ. ਆਰਮੀ ਵਿੰਗ ਵਿੱਚ ਕੁੱਲ 160 ਕੈਡਿਟ ਹਨ।16ਮਾਰਚ ਤੋਂ 25 ਮਾਰਚ 2019 ਤੱਕ ਰੋਪੜ ਵਿਖੇ ਕੰਬਾਇੰਡ ਆਰਮੀ ਥਲ ਸੈਨਾ ਕੈਂਪ ਵਿੱਚ 13 ਕੈਡਿਟਾਂ ਨੇ , 3 ਮਈ ਤੋਂ 12 ਮਈ 2019 ਤੱਕ ਹਿਮਾਚਲ ਵਿਖੇ ਟਰੈਕਿੰਗ ਕੈਂਪ ਵਿੱਚ 4 ਵਿਦਿਆਰਥਣਾਂ ਨੇ ਅਤੇ 12 ਜੂਨ ਤੋਂ 21 ਜੂਨ 2019 ਤੱਕ ਚੰਨੋ (ਭਵਾਨੀਗੜ੍ਹ) ਵਿਖੇ ਥਲ ਸੈਨਾ ਕੈਂਪ ਵਿੱਚ 3 ਵਿਦਿਆਰਥਣਾਂ ਮੋਨਿਕਾ ਕੁਮਾਰੀ।, ਨਵਨੀਤ ਕੌਰ ਅਤੇ ਰਾਣੀ ਦੇਵੀ ਨੇ ਹਿੱਸਾ ਲਿਆ ਅਤੇ ਮੋਨਿਕਾ ਕੁਮਾਰੀ ਨੇ ਫਾਇਰਿੰਗ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ।
- 27 ਜੁਲਾਈ ਨੂੰ ਐਨ.ਸੀ.ਸੀ. ਕੈਡਿਟਾਂ ਵੱਲੋਂ "ਮਿਸ਼ਨ ਤੰਦਰੁਸਤ ਪੰਜਾਬ" ਅਧੀਨ "ਸਵੱਛਤਾ ਪਖਵਾੜਾ" ਮਨਾਇਆ ਗਿਆ।
- 1 ਅਗਸਤ ਤੋਂ 9 ਅਗਸਤ 2019 ਤੱਕ ਰੋਪੜ ਵਿਖੇ ਇੰਟਰ ਗਰੁੱਪ ਵਿੱਚ ਕਾਲਜ ਦੀ ਇੱਕ ਵਿਦਿਆਰਥਣ ਮੋਨਿਕਾ ਕੁਮਾਰੀ ਨੇ ਅਤੇ 10 ਅਗਸਤ ਤੋਂ 19 ਅਗਸਤ 2019 ਤੱਕ ਰੋਪੜ ਵਿਖੇ ਏਟੀਸੀ ਵਿੱਚ 51 ਵਿਦਿਆਰਥਣਾਂ ਨੇ ਭਾਗ ਲਿਆ।
- 15 ਅਗਸਤ 2019 ਨੂੰ ਸਵਤੰਤਰਾ ਦਿਵਸ ਦੀ ਪਰੇਡ ਵਿੱਚ 30 ਕੈਡਿਟਾਂ ਨੇ ਰਾਜਾ ਭਲਿੰਦਰ ਖੇਡ ਸਟੇਡੀਅਮ ਵਿਖੇ ਹਿੱਸਾ ਲਿਆ ਅਤੇ ਪਹਿਲਾ ਸਥਾਨ ਹਾਸਿਲ ਕੀਤਾ।

- 16 ਅਗਸਤ ਤੋਂ 30 ਅਗਸਤ 2019 ਤੱਕ ਜਲੰਧਰ ਵਿਖੇ ਆਰਮੀ ਅਟੈਚਮੈਂਟ ਕੈਂਪ ਲੱਗਿਆ ਜਿਸ ਵਿੱਚ 40 ਵਿਦਿਆਰਥਣਾਂ ਨੇ ਹਿੱਸਾ ਲਿਆ ਤੇ ਸਰਟੀਫਿਕੇਟ ਹਾਸਿਲ ਕੀਤੇ।
- 27 ਅਗਸਤ ਤੋਂ 27 ਸਤੰਬਰ 2019 ਤੱਕ ਕੈਡਿਟ ਮੋਨਿਕਾ ਕੁਮਾਰੀ ਨੇ ਆਲ ਇੰਡੀਆ ਥਲ ਸੈਨਾ ਕੈਂਪ ਦਿੱਲੀ ਲਗਾਇਆ ਗਿਆ ਜਿਸ ਵਿੱਚ ਉਸਨੇ ਇੱਕ ਸੋਨੇ ਦਾ ਅਤੇ ਇੱਕ ਕਾਂਸੀ ਦਾ ਤਮਗਾ ਹਾਸਿਲ ਕੀਤਾ ।
- 6 ਸਤੰਬਰ ਤੋਂ 15 ਸਤੰਬਰ 2019 ਤੱਕ ਰੋਪੜ ਵਿਖੇ ਕੈਂਪ ਵਿੱਚ 5 ਵਿਦਿਆਰਥਣਾਂ ਨੇ ਅਤੇ 07 ਸਤੰਬਰ ਤੋਂ 16 ਸਤੰਬਰ 2019 ਤੱਕ ਮਲੋਟ ਵਿਖੇ ਅਡਵਾਂਸ ਲੀਡਰਸ਼ਿਪ ਕੈਂਪ ਵਿੱ 3 ਵਿਦਿਆਰਥਣਾਂ ਨੇ ਹਿੱਸਾ ਲਿਆ।
- 13 ਸਤੰਬਰ 2019 ਨੂੰ ਖਾਲਸਾ ਕਾਲਜ ਪਟਿਆਲਾ ਵਿਖੇ ਇਲਾਮ ਵੰਡ ਸਮਾਰੋਹ ਵਿੱਚ ਹਿੱਸਾ ਲਿਆ।
- 10 ਕੈਡਿਟਾਂ ਨੇ 16 ਸਤੰਬਰ ਤੋਂ 26 ਸਤੰਬਰ 2019 ਤੱਕ ਮਿਲਟਰੀ ਹਸਪਤਾਲ ਅਟੈਚਮੈਂਟ ਕੈਂਪ ਪਟਿਆਲਾ ਵਿਖੇ ਲਗਾਇਆ । ਜਿਸ ਵਿੱਚ ਮਨਪ੍ਰੀਤ ਕੌਰ ਅਤੇ ਮਮਤਾ ਰਾਣੀ ਨੇ ਪਹਿਲਾ ਸਥਾਨ ਅਤੇ ਨਵਨੀਤ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ।
- 25 ਸਤੰਬਰ 2019 ਤੋਂ 5 ਅਕਤੂਬਰ ਤੱਕ 5 ਕੈਡਿਟਾਂ ਵੱਲੋਂ ਆਰ.ਡੀ. ਕੈਂਪ ਰੋਪੜ ਵਿਖੇ ਲਗਾਇਆ ਗਿਆ।
- 26 ਸਤੰਬਰ 2019 ਨੂੰ ਨਗਰ ਨਿਗਮ ਪਟਿਆਲਾ ਵਿਖੇ ਸਵੱਛਤਾ ਪਖਵਾੜੇ ਤੇ ਜਾਗਰੂਕਕਤਾ ਰੈਲੀ ਕੱਢਪ੍ਰੀ ਗਈ।
- 5 ਦਸੰਬਰ ਤੋਂ 14 ਦਸੰਬੁਰ 2019 ਤੱਕ ਰੋਪੜ ਵਿਖੇ 6 ਕੈਡਿਟਾਂਏ ਨੇ ਏਟੀਸੀ ਕੈਂਪ ਲਗਵਾਇਆ
- 5 ਦਸੰਬਰ 2019 ਨੂੰ ਪਿੰਡ ਹਸਨਪੁਰ ਵਿਖੇ ਸਵੱਛਤਾ ਸਬੰਧੀ ਜਾਗਰੂਕਤਾ ਰੈਲੀ ਕੱਢੀ ਗਈ।

❖ ***ਕੌਮੀ ਸੇਵਾ ਯੋਜਨਾ***

- ਇਸ ਸਮੇਂ ਕਾਲਜ ਵਿੱਚ ਐਨ.ਐਸ.ਐਸ. ਦੇ **ਤਿੰਨ ਯੂਨਿਟ** ਹਨ ਜਿਹਨਾਂ ਵਿੱਚ **300** ਵਲੰਟੀਅਰ ਸ਼ਾਮਿਲ ਹਨ।ਐਨ.ਐਸ.ਐਸ. ਦੀਆਂ ਗਤੀਵਿਧੀਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਪ੍ਰੋਗਰਾਮ ਅਫਸਰ ਪ੍ਰੋ. ਕੰਵਲਜੀਤ ਕੌਰ ਅਤੇ ਪ੍ਰੋਗਰਾਮ ਅਫਸਰ ਅਰੁਨਦੀਪ ਕੌਰ ਅਤੇ ਡਾ. ਮੀਤਿਕਾ ਗੋਇਲ , ਸੇਵਾਵਾਂ ਨਿਭਾ ਰਹੇ ਹਨ।ਇਸ ਸੈਸ਼ਨ ਦੌਰਾਨ ਵਿਭਾਗ ਵੱਲੋਂ 3 ਇੱਕ ਰੋਜ਼ਾ ਤੇ ਇੱਕ ਸੱਤ ਰੋਜ਼ਾ ਕੈਂਪ (20.02.2020 ਤੋਂ 26.02.2020) ਲਗਾਏ ਗਏ ਹਨ।
- ਐਨ.ਐਸ.ਐਸ. ਵੱਲੋਂ ਵਾਤਾਵਰਣ ਦਿਵਸ , ਅਧਿਆਪਕ ਦਿਵਸ, ਐਨ.ਐਸ.ਐਸ ਸਥਾਪਨਾ ਦਿਵਸ, ਝੰਡਾ ਦਿਵਸ ਰਾਸ਼ਟਰੀ ਏਕਤਾ , ਰਾਸ਼ਟਰੀ ਸਿੱਖਿਆ ਦਿਵਸ , ਸੰਵਿਧਾਨ ਦਿਵਸ , ਏਡਜ਼ ਦਿਵਸ , ਰਾਸ਼ਟਰੀ ਵੋਟਰ ਦਿਵਸ, ਗਣਤੰਤਰ ਦਿਵਸ ਆਦਿ ਮਨਾਏ ਗਏ।
- 24.09.2019 ਨੂੰ ਐਨ.ਐਸ.ਐਸ. ਦਿਵਸ ਦੇ ਮੌਕੇ " ਸਵੱਛਤਾ ਹੀ ਸੇਵਾ " ਥੀਮ ਉਪਰ ਅੰਤਰ ਕਾਲਜ ਪੋਸਟਰ ਮੇਕਿੰਗ , ਸਲੋਗਨ ਰਾਈਟਿੰਗ ਦਾ ਮੁਕਾਬਲਾ ਕਰਵਾਇਆ ਗਿਆ।
- ਮਿਤੀ 01.10.2019 ਨੂੰ ਇਤਿਹਾਸ ਵਿਭਾਗ ਨਾਲ ਮਿਲ ਕੇ "ਗਾਂਧੀ ਜੀ ਦੇ ਜੀਵਨ ਦਰਸ਼ਨ ਅਤੇ ਆਦਰਸ਼ਾਂ ਉੱਪਰ ਵਿਸ਼ੇਸ਼ ਲੈਕਚਰ ਕਰਾਇਆ
- 02 ਅਕਤੂਬਰ 2019 ਨੂੰ ਗਾਂਧੀ ਜਯੰਤੀ ਦੇ ਮੌਕੇ ਸਫਾਈ ਮੁਹਿੰਮ ਚਲਾਈ ਗਈ,ਦੱਸੇ ਗਏ ਰੂਟ ਤੇ ਸ਼੍ਰਮਦਾਨ ਕਰਦਿਆਂ ਪਲਾਸਟਿਕ ਦੇ ਲਿਫਾਫੇ , ਸਿੰਗਲ ਯੂਜ਼ ਪਲਾਸਟਿਕ ਇਕੱਠਾ ਕੀਤਾ ਤੇ ਢੁਕਵੇਂ ਸਥਾਨ ਤੇ ਪਹੁੰਚਾਇਆ।
- 5 ਅਕਤੂਬਰ ਨੂੰ 70 ਵਲੰਟੀਅਰਰਾਂ ਨੇ ਪ੍ਰੋ. ਗੁਰਸੇਵਕ ਸਿੰਘ ਸਰਕਾਰੀ ਕਾਲਜ ਆਫ ਫਿਜ਼ੀਕਲ ਐਜੂਕੇਸ਼ਨ ਪਟਿਆਲਾ ਵਿਖੇ ਵਾਤਾਵਰਣ ਚੇਤਨਾ ਮੁਹਿੰ3ਮ ਵਿੱਚ ਭਾਗ ਲਿਆ, ਉਪਰੰਤ ਪਿੰਡ ਖੇੜੀ ਗੁਜਰਾਂ ਵਿਖੇ ਪਰਾਲੀ ਨੂੰ ਅੱਗ ਲਗਾਉਣ ਦੇ ਨੁਕਸਾਨ ਅਤੇ ਪਰਾਲੀ ਦੀ ਸਾਂਭ ਸੰਭਾਲ ਲਈ ਜਾਗਰੂਕਤਾ ਰੈਲੀ ਕੱਢੀ, ਘਰ-ਘਰ ਜਾਕੇ ਲੋਕਾਂ ਨੂੰ ਅੱਗ ਲਗਾਉਣ ਦੇ ਨੁਕਸਾਨ ਅਤੇ ਪਰਾਲੀ ਦੀ ਸਾਂਭ ਸੰਭਾਲ ਲਈ ਜਾਗਰੂਕਤਾ ਰੈਲੀ ਕੱਢੀ, ਘਰ-ਘਰ ਜਾਕੇ ਲੋਕਾਂ ਨੂੰ ਇਸ ਸਬੰਧੀ ਜਾਗਰੂਕ ਕੀਤਾ।
- 31 ਅਕਤੂਬਰ ਨੂੰ ਲੋਹ ਪੁਰਸ਼ ਸਰਦਾਰ ਵੱਲਭ ਭਾਈ ਪਟੇਲ ਦਾ ਜਨਮ ਦਿਹਾੜਾ " ਰਾਸ਼ਟਰੀ ਏਕਤਾ ਦਿਵਸ" ਦੇ ਰੂਪ ਉਿੱਚ ਮਨਾਇਆ ਗਿਆ।
- Observance of Vigilance Awareness Week 2019 ਮਨਾਉਂਦਿਆਂ " ਈਮਾਨਦਾਰੀ ਇੱਕ ਜੀਵਨ ਸ਼ੈਲੀ ਤਹਿਲ ਸਲੋਗਨ ਮੁਕਾਬਲਾ ਕਰਾਇਆ, ਸਹੁੰ ਚੁਕਾਈ ਅਤੇ ਜਾਗਰੂਕਤਾ ਰੈਲੀ ਕੱਢੀ।
- 9 ਨਵੰਬਰ ਨੂੰ ਰਾਸ਼ਟਰੀ ਸਿੱਖਿਆ ਦਿਵਸ ਨੂੰ ਸਮਰਪਿਤ ਲੇਖ ਮੁਕਾਬਲਾ ਕਰਵਾਇਆ ਗਿਆ।11 ਜਨਵਰੀ ਤੋਂ 17 ਜਨਵਰੀ ਸੜਕ ਸਰੁੱਖਿਆ ਹਫਤਾ ਮਨਾਂਉਂਦਿਆਂ ਟਰੈਫਿਕ ਰੂਲਾਂ ਸਬੰਧੀ ਜਾਗਰੂਕਤਾ ਰੈਲੀ ਕੱਢੀ , ਹੈਲਮੈਟ ਸੀਟ ਬੈਲਟ ਦੇ ਪ੍ਰਯੋਗ ਸਬੰਧੀ ਜਾਗਰੂਕ ਕੀਤਾ।

- 07 ਰੋਜ਼ਾ ਕੈਂਪ ਦੌਰਾਨ " ਇਸਤਰੀਆਂ ਦੇ ਕਾਨੂੰਨੀ ਹੱਕ " ਵਾਤਾਵਰਣੀ ਪ੍ਰਦੂਸ਼ਣ ਦੇ ਕਾਰਣ, ਰੋਕਥਾਮ ਦੇ ਉਪਾਅ , ਮੁੱਢਲੀ ਸਹਾਇਤਾ , ਰੋਡ ਸੇਫਟੀ ਫਾਇਰ ਸੇਫਟੀ ਸਬੰਧੀ ਵਿਸ਼ੇਸ਼ ਲੈਕਚਰ ਕਰਾਏ ਗਏ।
- ਨੁੱਕੜ ਨਾਟਕਾਂ ਰਾਂਹੀ ਸਾਫ, ਨਰੋਆ ਨਸ਼ਾਮੁਕਤ ਸਮਾਜ ਸਿਰਜਣ ਦਾ ਸੁਨੇਹਾ ਦਿੱਤਾ।

## ❖ *ਰੈੱਡ ਰਿਬਨ ਕਲੱਬ*

- ਪੰਜਾਬ ਵਿੱਚ ਸਿਹਤਮੰਦ ਯੁਵਕਾਂ ਦੇ ਵਿਕਾਸ ਨੂੰ ਮੁੱਖ ਰੱਖਦਿਆਂ ਯੁਵਕ ਸੇਵਾਵਾਂ ਪੰਜਾਬ, ਪਟਿਆਲਾ ਦੇ ਸਹਿਯੋਗ ਨਾਲ ਮਾਰਚ 2013 ਵਿੱਚ ਕੈਂਪਸ ਵਿੱਚ ਰੈਡ ਰਿਬਨ ਕਲੱਬ ਦਾ ਗਠਨ ਕੀਤਾ ਗਿਆ ਸੀ ਜੋ ਸਮੇਂ -ਸਮੇਂ ਸਿਰ ਰੈਲੀਆਂ , ਪੋਸਟਰ/ਸਲੋਗਨ ਮੁਕਾਬਲਿਆਂ , ਲੈਕਚਰਾਂ ਰਾਂਹੀ ਨਸ਼ੇ, ਏਡਜ਼ ਵਰਗੀਆਂ ਭਿਆਨਕ ਬਿਮਾਰੀਆਂ ਪ੍ਰਤੀ ਜਾਗਰੁਕ ਕਰਦਾ ਹੈ, ਨਾਲ ਹੀ ਸਵੈ-ਇਛੁੱਕ ਖੂਨਦਾਨ ਦੇ ਮਹੱਤਵ ਤੋਂ ਜਾਣੂ ਕਰਾਉਂਦਾ ਹੈ।
- 8 ਨਵੰਬਰ 2019 ਨੂੰ ਰੈਡ ਰਿਬਨ ਕਲੱਬ ਜਿਲ੍ਹਾ ਪੱਧਰੀ ਮੈਗਾ ਈਵੈਂਟ ਜ਼ੋ ਕਿ ਪਬਲਿਕ ਕਾਲਜ ਸਮਾਣਾ ਵਿਖੇ ਆਯੋਜਿਤ ਕੀਤਾ ਗਿਆ, ਵਿੱਚ ਸਾਡੀਆਂ ਵਿਦਿਆਰਥਣਾਂ ਨੇ ਪੋਸਟਰ ਮੇਕਿੰਗ ਵਿੱਓ ਪਹਿਲਾ ਤੇ ਆਰਟ ਵਰਕ ਓਿੱਚ ਤੀਜਾ ਸਥਾਨ ਹਾਸਲ ਕੀਤਾ।
- ਥਾਲਜ ਦੇ ਰੈਡ ਰਿਬਨ ਕਲੱਸ਼ ਵੱਨੋਂ ਪੰਜਾਬ ਹੜ੍ਹ ਪੀੜਤਾਂ ਲਈ ਰੁ: 12000/- ਦੀ ਸਹਾਇਤਾ ਰਾਸ਼ੀ ਇਕੱਤਰ ਕਰਕੇ ਪ੍ਰਾਈਮ ਮਨਿਸਟਰ ਰਾਹਤ ਫੰਡ ਲਈ ਭੇਜੀ ਗਈ।
- 18 ਨਵੰਬਰ 2019 ਨੂੰ "ਵਿਸ਼ਵ ਏਡਜ਼ ਦਿਵਸ" ਨੂੰ ਸਮਰਪਿਤ ਅੰਤਰ ਕਾਲਜ ਪੋਸਟਰ/ਸਲੋਗਨ ਮੁਕਾਬਲਾ ਕਰਾਇਆ ਗਿਆ ਜਿਸ ਦਾ ਵਿਸ਼ਾ ਸੀ- "ਏਡਜ਼ ਦਾ ਗਿਆਨ ਬਚਾਏ ਜਾਨ"
- 01 ਦਸੰਬਰ 2019 ਨੂੰ "ਵਿਸ਼ਵ ਏਡਜ਼ ਦਿਵਸ " ਦੇ ਮੌਕੇ ਚੇਤਨਾ ਰੈਲੀ ਕੱਢ ਕੇ ਯ'ਵਾ ਪੀੜੀ ਨੂੰ ਇਸ ਬਿਮਾਰੀ ਪ੍ਰਤੀ ਚੇਤੰਨ ਕੀਤਾ ਗਿਆ।
- 12 ਜਨਵਰੀ 2020 ਨੂੰ ਸੁਆਮੀ ਵਿਵੇਕਾਨੰਦ ਜੀ ਦੇ ਜਨਮ ਦਿਹਾੜੇ ਨੂੰ ਰਾਸ਼ਟਰੀ ਯੁਵਾ ਦਿਵਸ ਦੇ ਤੌਰ ਤੇ ਮਨਾਇਆ ਗਿਆ।
- 25 ਜਨਵਰੀ 2020 ਨੂੰ ਰਾਸ਼ਟਰੀ ਵੋਟਰ ਦਿਵਸ ਮਨਾਇਆ ਅਤੇ ਲੋਕਤੰਤਰ ਦੀ ਸਫਲਤਾ ਲਈ ਨੌਜੁਆਨਾਂ ਨੂੰ ਆਪਣੀ ਵੋਟ ਦੇ ਸਹੀ ਇਸਤੇਮਾਲ ਲਈ ਪ੍ਰਰਿਆ।

## ❖ *ਰੈੱਡ ਕਰਾਸ*

ਸੈਸ਼ਨ 2019-20 ਦੌਰਾਨ ਰੈੱਡਕਰਾਸ ਯੂਨਿਟ ਵਿੱਚ 80 ਵਲੰਟੀਅਰ ਰਜਿਸਟਰ ਕੀਤੇ ਗਏ।

## ❖ ਕਿੱਤਾ ਅਗਵਾਈ ਅਤੇ ਪਲੇਸਮੈਂਟ ਸੈੱਲ

ਕਿੱਤਾ ਅਗਵਾਈ ਅਤੇ ਪਲੇਸਮੈਂਟ ਸੈੱਲ ਦੇ ਕਨਵੀਨਰ ਡਾ. ਸੀਮਾ ਮਨਚੰਦਾ , ਮੈਂਬਰ ਪ੍ਰੋ. ਮਲਜਿੰਦਰ ਕੌਰ ਵੱਲੋ ਸਮੇਂ-ਸਮੇਂ ਸਿਰ ਵਿਦਿਆਰਥੀਆਂ ਨੂੰ ਭਿੰਨ-ਭਿੰਨ ਕਿਤਿਆਂ ਬਾਰੇ ਜਾਣਕਾਰੀ ਦਿੱਤੀ ਗਈ। ਮਿਤੀ 30.10.2019 ਨੂੰ ਸ਼੍ਰੀਮਤੀ ਗੁਰਸ਼ਰਣ ਕੌਰ (ਪਲੇਸਮੈਂਟ ਅਫਸਰ ਜਿਲਾ ਬਿਊਰੋ ਰੁਜਗਾਰ ਤੇ ਕਾਰੋਬਾਰ , ਪਟਿਆਲਾ) ਦਾ ਲੈਕਚਰ ਕਰਾਇਆ ਗਿਆ ਜਿਸ ਰਾਂਹੀ ਵਿਦਿਆਰਥਣਾਂ ਨੂੰ ਰੋਜ਼ਗਾਰ ਅਤੇ ਸਵੈ-ਰੋਜ਼ਗਾਰ ਦੇ ਬਿਹਤਰ ਮੌਕਿਆਂ ਬਾਰੇ ਜਾਣਕਾਰੀ ਦਿੱਤੀ ਗਈ।

ਸਰਕਾਰ ਵੱਲੋਂ ਲਗਾਏ ਗਏ ਵੱਖ-ਵੱਖ ਰੋਜ਼ਗਾਰ ਮੇਲਿਆਂ ਦੌਰਾਨ ਮਿਤੀ 20.09.2019 ਨੂੰ ਆਈ.ਟੀ.ਆਈ (ਲੜਕੇ) ਪਟਿਆਲਾ ਵਿਖੇ ਕਾਲਜ ਦੀਆਂ 40 ਵਿਦਿਆਰਥਣਾਂ ਨੇ ਅਤੇ ਮਿਤੀ 24.09.2019 ਨੂੰ ਸਰਕਾਰੀ ਬਹੁ-ਤਕਨੀਕੀ ਕਾਲਜ ਪਟਿਆਲਾ ਵਿ 150 ਵਿਦਿਆਰਥਣਾਂ ਨੇ ਇੰਟਰਵਿਊ ਦਿੱਤੀ।ਮਿਤੀ 27.09.2019 ਨੂੰ ਆਈ ਟੀਆਈ (ਲਕੇ) ਰਾਜਪੁਰਾ ਵਿਖੇ 83 ਵਿਦਿਆਰਥਣਾਂ ਦੀ ਰਜਿਸਟਰੇਸ਼ਨ ਕਰਵਾਈ ਗਈ। ਮਿਤੀ 30.09.2019 ਪਬਲਿਕ ਕਾਲਜ ਸਮਾਣਾ ਵਿਖੇ ਰੋਜਗਾਰ ਮੇਲੇ ਵਿੱਚ ਭਾਗ ਲਿਆ।

ਮਿਤੀ 13.02.2020 ਨੂੰ 20 ਿਦਿਆਰਥਣਾਂ ਨੇ ਜਿਲ੍ਹਾ ਬਿਊਰੋ ਅਤੇ ਰੋਜਗਾਰ ਦਫਤਰ ਜਨਰੇਸ਼ਨ ਅਤੇ ਟਰੇਨਿੰਗ , ਪਟਿਆਲਾ ਵਿਖੇ ਕਾਫੀ ਚੈਟ ਵਿੱਚ ਭਾਗ ਲਿਆ ਜਿਸ ਵਿੱਓ ਪੀਸੀਐਸ ਅਫਸਰ ਸ. ਜਗਰੂਪ ਸਿੰਘ ਨੇ ਸਿਵਿਲ ਸਰਵਿਸਿਜ਼ ਸਬੰਧੀ ਜਾਣਕਾਰੀ ਦਿੱਤੀ ਅਤੇ ਵਿਦਿਆਰਥਣਾਂ ਵੱਲੋ ਪੁੱਛੇ ਸੁਆਲਾਂ ਦੇ ਜਵਾਬ ਵੀ ਦਿੱਤੇ।ਸਮੇਂ ਸਮੇਂ ਤੇ 40-40 ਵਿਦਿਆਰਥਣਾਂ ਦੇ ਬੈਚ ਨੂੰ ਜਿਲ੍ਹਾ ਬਿਊਰੋ ਅਤੇ ਕਾਰੋਬਾਰ ਦਫਤਰ ਵਿਖੇ ਵਿਜ਼ਿਟ ਕਰਵਾਈ।

## ❖ *ਵਾਤਾਵਰਣ ਸੁਸਾਇਟੀ*

ਵਾਤਾਵਰਣ ਸੰਬੰਧੀ ਚੇਤਨਾ ਪ੍ਰਸਾਰ ਕਰਨ ਅਤੇ ਕਾਲਜ ਕੈਂਪਸ ਨੂੰ ਈਕੋ ਫਰੈਂਡਲੀ ਬਣਾਉਣ ਦੇ ਮੰਤਵ ਨੂੰ ਮੁੱਖ ਰੱਖਦਿਆਂ ਕਾਲਜ ਵਿੱਚ ਵਾਤਾਵਰਣ ਸੁਸਾਇਟੀ ਦਾ ਗਠਨ ਕੀਤਾ ਗਿਆ ਹੈ। ਜਿਸ ਵਿੱਚ ਪ੍ਰੋ. ਸ਼ਬਨਮ ਸੋਢੀ , ਪ੍ਰੋ. ਰੀਚਾ ਬਾਂਸਲ , ਪ੍ਰੋ.ਸੰਦੀਪ ਕੌਰ, ਪ੍ਰੋ. ਪਰਨੀਤ ਕੌਰ(ਕੰਟਰੈਕਚੂਅਲ), ਪ੍ਰੋ. ਸ਼ਿਵਾਨੀ ਸਿੰਗਲਾ ਅਤੇ ਪ੍ਰੋ. ਸ਼ਿਬਾਨੀ ਸ਼ਰਮਾ ਅਤੇ ਦਸ ਵਿਦਿਆਰਥਣਾਂ ਨੂੰ ਮੈਂਬਰ ਬਣਾਇਆ ਗਿਆ ਹੈ। ਇਸ ਸੁਸਾਇਟੀ ਵੱਲੋਂ ਸਮੇਂ-ਸਮੇਂ ਸਿਰ ਵਿਦਿਆਰਥਣਾਂ ਨੂੰ ਕੁਦਰਤੀ ਵਾਤਾਵਰਣ ਦੀ ਸਾਂਭ-ਸੰਭਾਲ ਲਈ ਪ੍ਰੇਰਿਆ ਜਾਂਦਾ ਹੈ।ਮਿਤੀ 05 ਜੂਨ 2019 ਨੂੰ ਵਾਤਾਵਰਣ ਦਿਵਸ ਮਨਾਂਉਦਿਆਂ ਕਾਲਜ ਕੈਂਪਸ ਵਿੱਚ 100 ਬੂਟੇ ਲਗਾਏ । ਮਿਤੀ 26.08.2019 ਨੂੰ ਬੋਟੈਨੀਕਲ ਗਾਰਡਨ ਵਿਖੇ ਮੈਡੀਸੀਨੀਅਲ ਪੌਦੇ ਲਗਾਏ ਗਏ।ਮਿਤੀ 02.09.2019 ਨੂੰ ਗਲੋਬਲ ਹਿਊਮਨ ਸਰਵਿਸ ਆਰਗਨਾਈਜ਼ੇਸ਼ਨ ਦੇ ਸਹਿਯੋਗ ਨਾਲ ਕਾਲਜ ਵਿੱਚ ਬੂਟੇ ਲਗਵਾਏ ਗਏ ਜਿਹਨਾਂ ਦੀ ਸਾਂਭ ਸੰਭਾਲ ਦਾ ਜਿੰਮਾ ਵਿਦਿਆਰਥਣਾਂ ਨੇ ਲਿਆ।

### ❖ *SVEEP*

ਭਾਰਤ ਚੋਣ ਕਮਿਸ਼ਨ ਵੱਲੋਂ ਵੋਟਰਾਂ ਨੂੰ ਜਾਗਰੂਕ ਕਰਨ ਸੰਬੰਧੀ SVEEP ( Systematic Voter Education Electoral Particiaption) ਪ੍ਰੋਗਰਾਮ ਅਧੀਨ ਕਾਲਜ ਦੇ 18-19 ਸਾਲ ਦੇ ਉਮਰ ਗਰੁੱਪ ਵਿੱਚ 482 ਵਿਦਿਆਰਥੀਆਂ ਦੀਆਂ ਵੋਟਾਂ ਬਣਾਈਆਂ ਗਈਆਂ ਅਤੇ ਜਿਲ੍ਹਾ ਪ੍ਰਸ਼ਾਸ਼ਲ ਦੇ ਤਾਲਮੇਲ ਨਾਲ ਸਮੇਂ-ਸ੍ਰੇਂ ਸਿਰ ਜਾਗਰੁਕਤਾ ਮੁਹਿੰਮ ਚਲਾਈ ਗਈ ਅਤੇ ਭਾਰਤੀ ਲੋਕਤੰਤਰ ਦੀ ਮਜਬੂਤੀ ਲਈ ਵੋਟ ਦੇ ਸਹੀ ਇਸਤੇਮਾਲ ਸਬੰਧੀ ਜਾਣਕਾਰੀ ਦਿੱਤੀ ਗਈ।26 ਜਨਵਰੀ 2020 ਨੂੰ ਰਾਸ਼ਟਰੀ ਵੋਟਰ ਦਿਵਸ ਵੀ ਮਨਾਇਆ ਗਿਆ ਅਤੇ ਵਿਦਿਆਰਥੀਆਂ ਤੇ ਸਟਾਫ ਮੈਂਬਰਾਂ ਨੂੰ ਵੋਟ ਦੇ ਸਹੀ ਪ੍ਰਯੋਗ ਦੀ ਵੀ ਸਹੁੰ ਚੁਕਾਈ ਗਈ।

### ❖ *ਬੱਡੀ ਪ੍ਰੋਗਰਾਮ*

- ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਵਿਰੁੱਧ ਆਰੰਭ ਕੀਤਾ ਬੱਡੀ ਪ੍ਰੋਗਰਾਮ ਕਾਲਜ ਵਿੱਚ ਸਫਲਤਾਪੂਰਵਕ ਚੱਲ ਰਿਹਾ ਹੈ। ਇਸ ਦੇ ਅਧੀਨ ਸੈਸ਼ਨ ਦੇ ਆਰੰਭ ਵਿੱਚ ਕਾਲਜ ਦੀਆਂ ਸਾਰੀਆਂ ਵਿਦਿਆਰਥਣਾਂ ਨੂੰ ਪੰਜ-ਪੰਜ ਦੇ ਬੱਡੀ ਗਰੁੱਪਾਂ ਵਿੱਚ ਵੰਡਿਆ ਗਿਆ।ਕਾਲਜ ਦੇ ਸਾਰੇ ਅਧਿਆਪਕ ਸੀਨੀਅਰ ਬੱਡੀ ਦੇ ਤੌਰ ਤੇ ਵਿਦਿਆਰਥਣਾਂ ਨੂੰ ਇੱਕ ਨਿਸ਼ਚਿਤ ਪੀਰੀਅਡ ਵਿੱਚ ਮਿਲਦੇ ਹਨ ਅਤੇ ਉਹਨਾਂ ਨਾਲ ਵਿਚਾਰ ਵਟਾਂਦਰਾ ਕਰਦੇ ਹਨ।ਇਸ ਸਾਲ ਤੋਂ ਕਾਲਜ ਵਿੱਚ ਇੱਕ ਐਂਟੀ ਡਰੱਗ ਕਲੱਬ ਵੀ ਬਣਾਇਆ ਗਿਆ ਹੈ। ਬੱਡੀ ਗਰੁੱਪ ਦੇ ਨੋਡਲ ਅਫਸਰ ਪ੍ਰੋ. ਗੁਰਿੰਦਰ ਕੌਰ , ਡਾ. ਨਵਦੀਪ ਕਹੋਲ ਅਤੇ ਡਾ. ਅਮਨਦੀਪ ਕੌਰ ਨੇ ਇਸ ਪ੍ਰੋਗਰਾਮ ਦੇ ਅਧੀਨ ਸਟੇਟ ਕਾਲਜ ਪਟਿਆਲਾ ਵਿਖੇ ਦੋ ਦਿਨ ਦੀ ਟੇਨਿੰਗ ਲਗਾਈ।ਸੈਸ਼ਨ 2019-20 ਦੌਰਾਨ ਕਾਲਜ ਵਿੱਚ ਦਾਖਲਾ ਲੈਣ ਵਾਲੀਆਂ ਨਵੀਆਂ ਵਿਦਿਆਰਥਣਾਂ ਨੂੰ ਇਸ ਪ੍ਰੋਗਰਾਮ ਤੋਂ ਜਾਣੂ ਕਰਵਾਇਆ ਗਿਆ ਅਤੇ ਲਗਭਗ 2000 ਬੱਡੀਜ਼ ਨੂੰ '' ਫਿਟਨੈਸ ਸਹੁੰ'' ਚੁਕਾਈ ਗਈ।ਸਤੰਬਰ ਵਿੱਚ ਹੀ ਨਸ਼ਿਆਂ ਦੇ ਵਿਸ਼ੇ ਤੇ ਭਾਸ਼ਣ ਕਰਵਾਇਆ ਗਿਆ। ਅਕਤੂਬਰ ਵਿੱਚ ਲੇਖ ਰਚਨਾ ਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਨਵੰਬਰ ਵਿੱਚ ਬਾਲ ਦਿਵਸ ਦੇ ਮੌਕੇ ਤੇ '' ਬੱਡੀ ਡੇ'' ਮਨਾਇਆ ਗਿਆ ਤੇ ਰੰਗਾਰੰਗ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਜਨਵਰੀ 2020 ਵਿੱਚ ਚੇਤਨਾ ਰੈਲੀ ਰਾਂਹੀ ਨਸ਼ਾ ਮੁਕਤ ਸਮਾਜ ਸਿਰਜਣ ਦਾ ਸੁਨੇਹਾ ਫਰਵਰੀ 2020 ਵਿੱਚ ਨਸ਼ਿਆਂ ਦੇ ਦੁਸ਼ਪ੍ਰਭਾਵ ਵਿਸ਼ੇ ਤੇ ਭਾਸ਼ਣ ਪ੍ਰਤੀਯੋਗਤਾ ਆਯੋਜਿਤ ਕੀਤੀ ਗਈ।

### ❖ *ਸਾਬਕਾ ਵਿਦਿਆਰਥੀ ਸਭਾ*

ਸਾਬਕਾ ਵਿਦਿਆਰਥੀ ਸਭਾ ਦੁਆਰਾ , ਸਮੇਂ-ਸਮੇਂ ਸਿਰ ਲੋੜਵੰਦ ਵਿਦਿਆਰਥੀਆਂ ਦੀਆਂ ਫੀਸਾਂ , ਕਿਤਾਬਾਂ ਲਈ ਖਰਚ ਕੀਤਾ ਜਾਂਦਾ ਹੈ।

### ❖ ਕਾਲਜ ਲਾਇਬ੍ਰੇਰੀ

ਕਾਲਜ ਲਾਇਬ੍ਰੇਰੀ ਹਰ ਪੱਖੋਂ ਮੁਕੰਮਲ ਹੈ।ਇੱਥੇ ਵੱਖ-ਵੱਖ ਵਿਸ਼ਿਆ ਨਾਲ ਸਬੰਧਤ **57451** ਪੁਸਤਕਾਂ ਹਨ। ਪੁਸਤਕਾਂ ਦੀ ਜਾਣਕਾਰੀ ਕੰਪਿਊਟਰਾਈਜ਼ਡ ਹੋਣ ਕਰਕੇ ਸਟਾਫ਼ ਅਤੇ ਵਿਦਿਆਰਥਣਾਂ ਲਾਇਬ੍ਰੇਰੀ ਦਾ ਭਰਪੂਰ ਫਾਇਦਾ ਉਠਾ ਰਹੀਆਂ ਹਨ। ਇਸ ਸਮੇਂ ਲਾਇਬ੍ਰੇਰੀ ਵਿੱਚ **18** ਅਖ਼ਬਾਰ **67** ਰਸਾਲੇ ਆਉਂਦੇ ਹਨ ਜੋ ਕਿ ਵਿਦਿਆਰਥਣਾ ਨੂੰ ਕੰਪੀਟੀਸ਼ਨ ਵਾਸਤੇ ਅਪਡੇਟ ਕਰਨ ਲਈ ਮਦਦਗਾਰ ਹਨ। ਲਾਇਬ੍ਰੇਰੀ ਵਿੰਚ ਬੁੱਕ ਬੈਂਕ ਰਾਹੀਂ 45 ਵਿਦਿਆਰਥਣਾਂ ਨੂੰ ਪੂਰੇ ਸਾਲ ਲਈ ਪੁਸਤਕਾ

ਮੁਹੱਈਆਂ ਕਰਵਾਈਆਂ ਗਈਆ।ਬੁੱਕ ਬੈਂਕ ਪ੍ਰੋਫੈਸਰ ਸਾਹਿਬਾਨ ਅਤੇ ਵਿਦਿਆਰਥਣਾਂ ਦੁਆਰਾ ਗਿਫ਼ਟ ਕੀਤੀਆ ਪੁਸਤਕਾਂ ਰਾਹੀਂ ਚੱਲ ਰਿਹਾ ਹੈ।

- **ਬਰਾਡਬੈਂਡ ਦੇ 2 ਇੰਟਰਨੈੱਟ ਕੁਨੈਕਸ਼ਨ** ਲਾਇਬ੍ਰੇਰੀ ਵਿੱਚ ਹੋਣ ਨਾਲ ਅਤੇ **4 ਕੰਪਿਊਟਰ** ਉਪਲਬਧ ਹੋਣ ਨਾਲ ਸਟਾਫ਼ ਅਤੇ ਵਿਦਿਆਰਥਣਾਂ ਨੇ ਵਿਦਿਅਕ ਕੰਮਾਂ ਲਈ ਇਸ ਦਾ ਭਰਪੂਰ ਫ਼ਾਇਦਾ ਉਠਾਇਆ ਹੈ।

- ਲਾਇਬ੍ਰੇਰੀ ਵਿੱਚ **e – resources** ਦਾ ਫਾਇਦਾ ਉਠਾਉਣ ਲਈ **N – list ਪ੍ਰੋਗਰਾਮ** ਸਬਸਕਰਾਈਬ ਕੀਤਾ ਗਿਆ ਹੈ ਜਿਸ ਦੇ ਤਹਿਤ ਈ-ਪੁਸਤਕਾਂ ਅਤੇ ਈ-ਜਰਨਲ ਵਿਦਿਆਰਥੀਆਂ ਅਤੇ ਸਟਾਫ਼ ਨੂੰ ਮੁੱਹਈਆਂ ਕਰਾਏ ਗਏ ਹਨ। ਪਾਸਵਰਡ ਨਾਲ ਅਤੇ ਸਟਾਫ਼ ਅਤੇ ਵਿਦਿਆਰਥਣਾਂ ਘਰ ਬੈਠ ਕੇ ਹੀ ਇੰਟਰਨੈੱਟ ਤੇ ਇਸ ਦਾ ਫਾਇਦਾ ਉਠਾ ਸਕਦੇ ਹਨ।
- ਲਾਇਬ੍ਰੇਰੀ ਵਿੱਚ **e – resources** ਦਾ ਫਾਇਦਾ ਉਠਾਉਣ ਲਈ **N – list ਪ੍ਰੋਗਰਾਮ** ਸਬਸਕਰਾਈਬ ਕੀਤਾ ਗਿਆ ਹੈ।
- ਲਾਇਬ੍ਰੇਰੀ ਦੇ ਬੁੱਕ ਬੈਂਕ ਵਿੱਚ 6 ਪੁਸਤਕਾਂ ਡੋਨੇਟ ਹੋਈਆਂ।

- ਲਾਇਬ੍ਰੇਰੀ ਸਾਇੰਸ ਦੀਆਂ 7 ਵਿਦਿਆਰਥਣਾਂ ਨੇ ਕਾਲਜ ਲਾਇਬ੍ਰੇਰੀ ਵਿੱਚ ਪ੍ਰੈਕਟੀਕਲ ਕੰਮਾਂ ਦੀ ਟਰੇਨਿੰਗ ਹਾਸਿਲ ਕੀਤੀ ਜੋ ਕਿ ਉਹਨਾਂ ਲਈ ਨੌਕਰੀ ਲੈਣ ਲਈ ਮਦਦਗਾਰ ਲੈਣ ਲਈ ਸਹਾਇਕ ਹੋਵੇਗੀ।

## ❖ ਹੋਸਟਲ

ਕਾਲਜ ਵਿੱਚ ਦੂਰ-ਦੁਰਾਡੇ ਤੋਂ ਆਉਣ ਵਾਲੀਆਂ ਵਿਦਿਆਰਥਣਾਂ ਦੀ ਰਿਹਾਇਸ਼ ਲਈ ਹੋਸਟਲ ਦਾ ਵੀ ਪ੍ਰਬੰਧ ਹੈ ਜਿਸ ਵਿੱਚ 90 ਕਮਰੇ ਉਪਲਬਧ ਹਨ ਅਤੇ ਉਹਨਾਂ ਵਿੱਚ 450 ਵਿਦਿਆਰਥਣਾਂ ਦੇ ਰਹਿਣ ਦਾ ਪ੍ਰਬੰਧ ਹੈ।ਇਸ ਸਮੇਂ ਹੋਸਟਲ ਵਿੱਚ 320 ਵਿਦਿਆਰਥੀ ਰਹਿ ਰਹੇ ਹਨ।ਹੋਸਟਲ ਵਿੱਚ ਮੈੱਸ, ਪਰੇਅਰ ਹਾਲ , ਰੀਡਿੰਗ ਹਾਲ , ਟੀ.ਵੀ. ਰੂਮ, ਮੁੱਢਲੀ ਸਹਾਇਤਾ ਰੂਮ, ਨਰਸ ਦਾ ਕਮਰਾ ਆਦਿ ਉਪਲਬਧ ਹਨ।ਹੋਸਟਲ ਵਿੱਚ ਵਾਸਿੰਗ ਮਸ਼ੀਨਾਂ, ਗੀਜ਼ਰ, RO system, water coolers ਦਾ ਵਿਸ਼ੇਸ਼ ਪ੍ਰਬੰਧ ਹੈ। ਵਿਦਿਆਰਥਣਾਂ ਦੇ ਬੋਧਿਕ ਪ੍ਰਸਾਰ ਲਈ ਸਮੇਂ- ਸਮੇਂ ਸਿਰ ਪ੍ਰਸਾਰ ਭਾਸ਼ਣਾਂ, ਨਾਟਕਾਂ , ਸਭਿਆਚਾਰਕ ਸਮਾਗਮਾਂ ਦਾ ਆਯੋਜਨ ਵੀ ਕੀਤਾ ਜਾਂਦਾ ਹੈ ਜਿਵੇਂ ਕਿ ਨਸ਼ਿਆਂ ਦੇ ਦੁਸ਼ਪ੍ਰਭਾਵ ਅਤੇ ਨੌਜਵਾਨ ਪੀੜੀ ਵੱਲੋਂ ਬਜ਼ੁਰਗਾਂ ਪ੍ਰਤੀ ਵਧਦੀ ਬੇਰੁੱਖੀ ਨੂੰ ਦਰਸਾਂਉਂਦੇ ਨਾਟਕਾਂ ਦਾ ਆਯੋਜਨ ਕੀਤਾ ਗਿਆ। ਸਿਹਤ ਸੰਭਾਲ, ਟਰੈਫਿਕ ਰੂਲਜ਼ , ਸਵਾਈਨ ਫਲੂ , ਸਵੱਛਤਾ ਮੁਹਿੰਮ ਸਬੰਧੀ ਜਾਗਰੂਕ ਕਰਨ ਲਈ ਸਮੇਂ -ਸਮੇਂ ਸਿਰ ਲੈਕਚਰ ਕਰਾਏ ਗਏ । ਹੋਸਟਲ ਦੀਆਂ ਵਿਦਿਆਰਥਣਾਂ ਵੱਲੋਂ ਬੜੀ ਹੀ ਸ਼ਰਧਾ ਨਾਲ ਸ਼੍ਰੀ ਅਖੰਡ ਪਾਠ ਅਤੇ ਮੂਲ ਮੰਤਰ ਦੇ ਜਾਪ ਕਰਾਏ ਗਏ ਜਿਸ ਵਿੱਚ ਸੂਹ ਸਟਾਫ ਅਤੇ ਬਹੁ ਗਿਣਤੀ ਵਿੱਚ ਵਿਦਿਆਰਥਣਾਂ ਨੇ ਹਾਜਰੀ ਭਰੀ।

## ❖ ਧੰਨਵਾਦ

ਡਾ. ਚਿਰੰਜੀਵ ਕੌਰ
ਪ੍ਰਿੰਸੀਪਲ